
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 5 ISSUE - 45
February 15, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਗੁਰਪੁਰਬ ਸਮੇਂ ਸੰਗਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੁੰਦੀਆਂ ਹੋਈਆਂ।



**ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ ਗੁਰੂ ਘਰ ਵਿਖੇ ਪਹੁੰਚਣ ਅਤੇ ਕਮੇਟੀ ਦਾ ਪੂਰਨ ਸਾਥ ਦੇਣ ਲਈ ਪ੍ਰਧਾਨ ਕਸ਼ਮੀਰੀ ਭਾਟੀਆ ਵੱਲੋਂ ਤਹਿ ਦਿਲੋਂ ਹਾਰਦਿਕ ਧੰਨਵਾਦ।**

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਮਾਨਵਤਾ ਨੂੰ ਲੱਖ-ਲੱਖ ਵਧਾਈਆਂ। ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 18 ਫਰਵਰੀ ਨੂੰ ਹਿਊਸਟਨ, 19 ਫਰਵਰੀ ਨੂੰ ਯੂਬਾ ਸਿਟੀ ਅਤੇ 5 ਮਾਰਚ ਨੂੰ ਫਰਿਜਨੋ ਵਿਖੇ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਸਬੰਧਤ ਪ੍ਰਬੰਧਕ ਕਮੇਟੀਆਂ ਵੱਲੋਂ ਸਮੂਹ ਸਾਧ ਸੰਗਤ ਨੂੰ ਲੱਖ-ਲੱਖ ਵਧਾਈ ਦਿੰਦਿਆਂ ਬੇਨਤੀ ਹੈ ਕਿ ਸਬੰਧਤ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

(ਸਬੰਧਤ ਇਸ਼ਤਿਹਾਰ ਦੇਖੋ ਆਖਰੀ ਸਫੇ ਤੇ)

# ਅਮਰੀਕਾ ਦਾ ਸਭ ਤੋਂ ਉੱਚਾ ਡੈਮ ਉਛਲਿਆ

## 20 ਹਜ਼ਾਰ ਭਾਰਤੀਆਂ ਸਮੇਤ 1,88,000 ਦੇ ਕਰੀਬ ਆਬਾਦੀ ਬੇਘਰ ਹੋਈ

## ਕਈ ਗੁਰਦੁਆਰਿਆਂ ਵੱਲੋਂ ਲੰਗਰ ਅਤੇ ਸਰ੍ਹਾਂ 'ਚ ਠਹਿਰ ਦੀ ਪੇਸ਼ਕਸ਼

**ਓਰੋਵਿਲ (ਨੀਟਾ ਮਾਛੀਕੇ / ਕੁਲਵੰਤ ਧਾਲੀਆ)**– ਕੈਲੇਫੋਰਨੀਆ ਸੂਬੇ ਵਿੱਚ ਜ਼ਬਰਦਸਤ ਹੜ੍ਹ ਦਾ ਖ਼ਤਰਾ ਪੈਦਾ ਹੋ ਗਿਆ ਹੈ। ਅਸਲ ਵਿੱਚ ਅਮਰੀਕਾ ਦੇ ਸਭ ਤੋਂ ਵੱਡੇ ਓਰੋਵਿਲ ਡੈਮ ਦਾ ਐਮਰਜੈਂਸੀ ਗੇਟ ਖੋਲ੍ਹ ਦਿੱਤਾ ਗਿਆ ਹੈ। ਇਸ ਦੇ ਚੱਲਦੇ ਹੋਏ ਕੈਲੇਫੋਰਨੀਆ ਦੇ ਕਾਫ਼ੀ ਹਿੱਸੇ ਨੂੰ ਖ਼ਾਲੀ ਕਰਵਾ ਲਿਆ ਗਿਆ ਹੈ। ਡੈਮ ਦੀ ਉਚਾਈ 770 ਫੁੱਟ ਹੈ। ਅਤੇ ਇਹ ਅਮਰੀਕਾ ਦਾ ਸਭ ਤੋਂ ਉੱਚਾ ਡੈਮ ਹੈ।

ਇਸ ਇਲਾਕੇ ਵਿੱਚ ਕਰੀਬ 13 ਫ਼ੀਸਦੀ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਸਿੱਖ ਭਾਈਚਾਰੇ ਦੇ ਲੋਕ ਹਨ। ਪੰਜਾਬੀ ਭਾਈਚਾਰੇ ਦੇ ਇੱਥੇ ਵੱਡੇ ਵੱਡੇ ਫਾਰਮ ਹਾਊਸ ਹਨ। ਕੈਲੇਫੋਰਨੀਆ ਦੇ ਵਾਟਰ ਰਿ-ਸੋਰਸ ਵਿਭਾਗ ਨੇ ਐਤਵਾਰ ਸ਼ਾਮ ਨੂੰ ਦੱਸਿਆ ਕਿ ਡੈਮ ਦਾ ਐਮਰਜੈਂਸੀ ਗੇਟ ਖੋਲ੍ਹ ਦਿੱਤਾ ਗਿਆ ਹੈ ਕਿਉਂਕਿ ਇਹ ਗੇਟ ਟੁੱਟ ਚੁੱਕਾ ਸੀ। ਇਸ ਕਰ ਕੇ ਡੈਮ ਕਿਸੇ ਵੀ ਸਮੇਂ ਟੁੱਟ ਸਕਦਾ ਹੈ। ਇਸ ਕਰ ਕੇ ਪੂਰੇ ਇਲਾਕੇ ਨੂੰ ਖ਼ਾਲੀ ਕਰਵਾ ਲਿਆ ਗਿਆ ਹੈ। ਇਸ ਡੈਮ ਦੀ ਉਸਾਰੀ 1961 ਵਿੱਚ ਸ਼ੁਰੂ ਹੋਈ ਸੀ ਅਤੇ ਚਾਰ ਮਈ 1968 ਵਿੱਚ ਇਸ ਨੂੰ ਪੂਰਾ ਕਰ ਲਿਆ ਗਿਆ ਸੀ। ਯੂਬਾ ਸਿਟੀ ਦੇ ਵਸਨੀਕਾਂ ਨੂੰ ਰਾਜਧਾਨੀ ਸੈਕਰਾਮੈਂਟੋ ਸਥਿਤ ਕਈ ਗੁਰਦੁਆਰਿਆਂ ਵੱਲੋਂ ਲੰਗਰ ਅਤੇ ਸਰ੍ਹਾਂ 'ਚ ਠਹਿਰ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਬਿਪਤਾ ਦੀ ਘੜੀ ਵਿੱਚ ਲੋਕਾਂ ਦੀ ਮਦਦ ਲਈ ਸਿੱਖ ਭਾਈਚਾਰੇ ਵੱਲੋਂ ਗੁਰੂਘਰਾਂ ਵਿੱਚ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਔਰੋਵਿਲੇ ਡੈਮ ਉਛਲਣ ਕਰਕੇ ਕੁੱਲ 1,88,000 ਆਬਾਦੀ, ਜਿਸ ਵਿੱਚ ਕਰੀਬ 20 ਹਜ਼ਾਰ ਭਾਰਤੀ-ਅਮਰੀਕੀ ਸ਼ਾਮਲ ਹਨ, ਵਾਲੀ ਇਸ ਵਾਦੀ ਦੇ ਵਸਨੀਕਾਂ ਨੂੰ ਐਤਵਾਰ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਦੇ ਆਦੇਸ਼ ਦਿੱਤੇ ਗਏ ਸਨ। ਯੂਬਾ ਸਿਟੀ ਵਿੱਚ ਕਰੀਬ 13 ਫ਼ੀਸਦੀ ਪੰਜਾਬੀ-ਅਮਰੀਕੀ ਵਸੇ ਹੋਏ ਹਨ। ਯੂਬਾ ਕਾਊਂਟੀ ਦੇ ਵਾਦੀ ਵਿਚਲੇ ਇਲਾਕੇ ਹਾਲਵੁੱਡ, ਮੇਰੀਸਵਿਲੇ, ਓਲਿਵਹਰਸਟ, ਲਿੰਡਾ ਅਤੇ ਪਲੱਮਸ ਲੇਕ ਖਾਲੀ ਕਰਵਾਏ ਗਏ ਹਨ। ਔਰੋਵਿਲੇ ਡੈਮ ਦੇ ਪ੍ਰਬੰਧਕਾਂ ਨੇ ਡੈਮ ਵਿੱਚੋਂ ਉੱਛਲ ਰਹੇ ਪਾਣੀ ਨੂੰ ਰੋਕਣ ਲਈ ਪੱਥਰਾਂ ਦੇ ਭਰੇ ਗੱਟੇ ਲਾ ਕੇ ਬੰਨ੍ਹ ਲਾਇਆ। ਕਈ ਘੰਟਿਆਂ ਬਾਅਦ ਡੈਮ ਵਿੱਚ ਪਾਣੀ ਦਾ ਪੱਧਰ ਕੁਝ ਨੀਵਾਂ ਹੋਇਆ ਅਤੇ ਪਾਣੀ ਉਛਲਣਾ ਵੀ ਘੱਟ ਹੋਇਆ, ਜਿਸ ਨਾਲ ਹਾਲਾਤ ਵਿੱਚ ਕੁਝ ਸੁਧਾਰ ਆਇਆ। ਸਮਾਜ ਸੇਵੀ ਹਰਜਿੰਦਰ ਸਿੰਘ ਕੁਕਰੇਜਾ ਨੇ ਟਵੀਟ ਕੀਤਾ, "ਸੈਕਰਾਮੈਂਟੋ ਦੇ ਸਿੱਖ ਗੁਰਦੁਆਰਿਆਂ ਵੱਲੋਂ ਹੜ੍ਹਾਂ ਦੇ ਖ਼ਤਰੇ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਲੰਗਰ ਵਰਤਾਏ ਜਾ ਰਹੇ ਹਨ ਅਤੇ ਰਹਿਣ ਲਈ ਜਗ੍ਹਾ ਵੀ ਦਿੱਤੀ ਜਾ ਰਹੀ ਹੈ। ਯੂਬਾ ਸਿਟੀ ਵਿੱਚੋਂ ਘਰ ਛੱਡ ਕੇ ਆ ਰਹੇ ਸਾਰੇ ਲੋਕਾਂ ਲਈ ਗੁਰਦੁਆਰੇ ਖੁੱਲ੍ਹੇ ਹਨ।" ਸੈਕਰਾਮੈਂਟੋ ਦੇ ਮੇਅਰ ਡੈਰਲ ਸਟੇਨਬਰਗ ਨੇ ਟਵੀਟ ਕੀਤਾ,



(ਬਾਕੀ ਸਫਾ 11 ਤੇ)

# ਅਮਰੀਕਾ ਵਿੱਚ ਗਰੀਨ ਕਾਰਡਾਂ ਦੇ ਨਿਯਮ ਬਦਲੇ ਜਾਣ ਲੱਗੇ - ਰਾਸ਼ਟਰਪਤੀ ਵੱਲੋਂ ਮੈਰਿਟ-ਆਧਾਰਿਤ ਪਰਵਾਸ ਦੀ ਵਕਾਲਤ

**ਵਾਸ਼ਿੰਗਟਨ (ਬਿਊਰੋ)** – ਅਮਰੀਕਾ ਵਿੱਚ ਪੱਕੀ ਰਿਹਾਇਸ਼ ਦੇ ਲਈ ਜ਼ਰੂਰੀ ਗਰੀਨ ਕਾਰਡ ਦੇ ਨਿਯਮਾਂ ਵਿੱਚ ਤਬਦੀਲੀ ਦਾ ਬਿੱਲ ਸੈਨੇਟ ਵਿੱਚ ਪੇਸ਼ ਹੋ ਗਿਆ ਹੈ। ਇਸ ਬਿੱਲ ਵਿੱਚ ਅਮਰੀਕਾ ਵਿਚ ਪੱਕੇ ਨਿਵਾਸ ਦੇ ਲਈ ਹਰ ਸਾਲ ਜਾਰੀ ਹੋਣ ਵਾਲੇ ਦਸ ਲੱਖ ਗਰੀਨ ਕਾਰਡ ਘਟਾ ਕੇ ਪੰਜ ਲੱਖ ਕਰਨ ਦਾ ਪ੍ਰਬੰਧ ਹੈ। ਇਸ ਦੇ ਪਾਸ ਹੋਣ ਉੱਤੇ ਵੱਡੀ ਗਿਣਤੀ ਭਾਰਤੀਆਂ ਨੂੰ ਨੁਕਸਾਨ ਪੁੱਜੇਗਾ। ਇਹ ਉਹ ਭਾਰਤੀ ਹਨ, ਜੋ ਕਈ ਸਾਲਾਂ ਤਕ ਅਮਰੀਕਾ ਵਿੱਚ ਵੀਜ਼ੇ ਉੱਤੇ ਨੌਕਰੀ ਜਾਂ ਕਾਰੋਬਾਰ ਕਰਨ ਪਿੱਛੋਂ ਉਥੇ ਪੱਕੇ ਤੌਰ ਉੱਤੇ ਰਹਿਣਾ ਚਾਹੁੰਦੇ ਹਨ।

ਰਿਪਬਲਿਕਨ ਪਾਰਟੀ ਦੇ ਸੈਨੇਟਰ ਟਾਮ ਕਾਟਨ ਤੇ ਡੈਮੋਕਰੇਟਿਕ ਪਾਰਟੀ ਦੇ ਡੇਵਿਡ ਪੈਰਡਿਊ ਨੇ ਇਸ ਮੱਦ ਨੂੰ ਸਾਂਝੇ ਤੌਰ ਉੱਤੇ ਪਾਰਲੀਮੈਂਟ ਵਿੱਚ ਪੇਸ਼ ਕੀਤਾ। ਤਜਵੀਜ਼ ਵਿੱਚ ਗਰੀਨ ਕਾਰਡ ਜਾਰੀ ਕੀਤੇ ਜਾਣ ਦੀ ਗਿਣਤੀ ਦਸ ਲੱਖ ਪ੍ਰਤੀ ਸਾਲ ਤੋਂ ਘੱਟ ਕ ਕੇ ਅੱਧੀ ਕੀਤੀ ਜਾਣੀ ਹੈ। ਇਹ ਕੋਸ਼ਿਸ਼ ਅਮ-ਰੀਕਾ ਵਿੱਚ ਮਾਹਿਰ ਕਾਮਿਆਂ ਦੀ ਆਮਦ ਘੱਟ ਕਰਨ ਲਈ ਐਚ-1ਬੀ ਵੀਜ਼ੇ ਦੀਆਂ ਸ਼ਰਤਾਂ ਨੂੰ ਸਖ਼ਤ ਕੀਤੇ ਜਾਣ ਲਈ ਹੈ। ਇਸ ਸਮੇਂ ਕਾਰੋਬਾਰ ਦੇ ਵੱਖ-ਵੱਖ ਵਰਗਾਂ ਵਿਚ ਭਾਰਤੀਆਂ ਨੂੰ 10 ਸਾਲ ਤੋਂ 35 ਸਾਲ ਦੀ ਉਡੀਕ ਪਿੱਛੋਂ ਗਰੀਨ ਗਾਰਡ ਮਿਲਦਾ ਹੈ। ਤਜਵੀਜ਼ ਪਾਸ ਹੋਣ ਤੋਂ ਬਾਅਦ ਇਹ ਸਮਾਂ ਥੋੜ੍ਹਾ ਲੰਬਾ ਹੋ ਜਾਵੇਗਾ।

ਰਾਸ਼ਟਰਪਤੀ ਡੋਨਲਡ ਟਰੰਪ ਨੇ ਪਰਵਾਸ ਪ੍ਰਬੰਧ ਮੈਰਿਟ ਦੇ ਆਧਾਰ 'ਤੇ ਹੋਣ ਦੀ ਪੈਰਵੀ ਕੀਤੀ ਹੈ। ਇਸ ਨਾਲ ਅਮਰੀਕੀ ਅਰਥ-ਵਿਵਸਥਾ ਨੂੰ ਫਾਇਦਾ ਮਿਲੇਗਾ ਅਤੇ ਨੌਕਰੀਆਂ ਵੀ ਪੈਦਾ ਹੋਣਗੀਆਂ। ਵ੍ਹਾਈਟ ਹਾਊਸ ਦੇ ਸੀਨੀਅਰ ਨੀਤੀ ਸਲਾਹਕਾਰ ਸਟੀਫਨ ਮਿੱਲਰ ਮੁਤਾਬਕ, "ਰਾਸ਼ਟਰਪਤੀ



(ਬਾਕੀ ਸਫਾ 11 ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212 (NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538


SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

## 278ਵੀਂ ਜੈਅੰਤੀ 'ਤੇ ਵਿਸ਼ੇਸ਼

# ਗੋਆਰ ਭਾਈਚਾਰੇ ਦੇ ਮਹਾਨ ਸੰਤ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ






ਕਮਲ ਧਰਮਸੋਤ
omkamal@sbcglobal.net

ਭਾਰਤ ਦੇਸ਼ ਵਿਚ ਸੰਤਾਂ ਦੀ ਹੋਂਦ ਦੇ ਕਾਰਨ ਹੀ ਦੇਸ਼ ਦੀ ਜਨਤਾ ਸਿੱਧੀ ਅਤੇ ਸਰਲ ਖੜ੍ਹੀ ਹੈ। ਮਤਲਬ ਇਹ ਕਿ ਸਮਾਜ ਦਾ ਪ੍ਰਬੰਧ ਚੱਲ ਰਿਹਾ ਹੈ। ਸੰਤਾਂ ਦੇ ਮਹਾਨ ਸੱਚੇ ਕਰਮਾਂ ਦੇ ਕਾਰਨ ਅਤੇ ਸੁੱਚੇ ਵਿਚਾਰਾਂ ਦੇ ਕਾਰਨ ਹੀ, ਹੁਣ ਤੱਕ ਜਨਤਾ ਦਾ ਪਤਨ ਨਹੀਂ ਹੋਇਆ। ਦੇਸ਼ ਵਿਚ ਅਨੇਕਾਂ ਬੁਰਾਈਆਂ ਫੈਲੀਆਂ ਹੋਈਆਂ ਹਨ। ਲੋਕ ਬੁਰੇ ਕੰਮ ਕਰ ਰਹੇ ਹਨ। ਸਚਾਈ ਤਾਂ ਇਹ ਹੈ ਕਿ ਇਨ੍ਹਾਂ ਬੁਰੇ ਕੰਮਾਂ ਦੀ ਕੋਈ ਹੱਦ ਨਹੀਂ ਰਹੀ। ਫਿਰ ਵੀ ਸੰਤਾਂ ਦੇ ਸੱਚੇ ਕਰਮਾਂ ਦੇ ਕਾਰਨ ਹੀ ਵਿਸ਼ਵ ਦੀ ਜ਼ਿਆਦਾ ਹਾਨੀ ਨਹੀਂ ਹੋਈ ਹੈ। ਅਜੇ ਵੀ ਦੁਨੀਆ ਮਜ਼ਬੂਤੀ ਦੇ ਬਿਨਾਂ ਡਗਮਗਾ ਰਹੀ ਹੈ, ਕਿਉਂਕਿ ਸੰਤਾਂ ਨੇ ਹਰੇਕ ਸਮਾਜ ਵਿਚ ਬਰਾਬਰਤਾ, ਨਿਆਂ, ਪ੍ਰੇਮ, ਸੇਵਾ ਅਤੇ ਤਿਆਗ ਦੀ ਭਾਵਨਾ, ਆਪਸੀ ਮੇਲ, ਸ਼ਿਸ਼ਟਾਚਾਰ, ਸਹਿਯੋਗ ਦੀ ਭਾਵਨਾ, ਦਾਨਸ਼ੀਲਤਾ, ਨੈਤਿਕਤਾ, ਸਾਫ ਸਫਾਈ, ਸਿਹਤ ਆਦਿ ਦੇ ਬਾਰੇ ਵਿਚ ਸਮਾਜ ਨੂੰ ਮੌਲਿਕ ਵਿਚਾਰ ਅਤੇ ਵਿਹਾਰ ਮੁਹੱਈਆ ਕੀਤੇ ਹਨ।

ਇਨ੍ਹਾਂ ਮਹਾਨ ਸੰਤਾਂ ਵਿਚ ਨਾਮਦੇਵ, ਤੁਕਾਰਾਮ, ਕਬੀਰ, ਰਹੀਮ, ਦਾਦੂ ਅਤੇ ਕਈ ਹੋਰ ਮਾਨਵਤਾਵਾਦੀ ਸੰਤ ਭਾਰਤ ਦੀ ਪਵਿੱਤਰ ਧਰਤੀ ਉਤੇ ਪ੍ਰਗਟ ਹੋਏ। ਇਨ੍ਹਾਂ ਮਹਾਨ ਸੰਤਾਂ ਦੀ ਲੜੀ ਵਿਚ ਗੋਆਰ ਸਮਾਜ (ਜੋ ਕਿ ਬਾਜ਼ੀਗਰ ਅਤੇ ਵਣਜਾਰਾ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ) ਦੇ ਸੰਤ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਦੀ ਵੀ ਗਿਣਤੀ ਹੁੰਦੀ ਹੈ।

ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਅਠਾਰਵੀਂ ਸਦੀ ਦੇ ਮਹਾਨ ਸੰਤ ਗਿਣੇ ਗਏ ਹਨ। ਉਨ੍ਹਾਂ ਦਾ ਜਨਮ 15 ਫਰਵਰੀ 1739 ਈਸਵੀ ਦਾ ਮੰਨਿਆ ਜਾਂਦਾ ਹੈ। ਉਨ੍ਹਾਂ ਦਾ ਜਨਮ ਸਥਾਨ ਸੇਵਾਗੜ੍ਹ, ਨੇੜੇ ਚਾਰਲੋਪੱਲੀ, ਵਾਇਆ ਗੋਲਾਲਾ ਡੋਡੀ ਕਰਾਸਿੰਗ, ਗੂਟੀ-ਗੁੰਤਕਾਲ ਰੋਡ, ਗੂਟੀ ਤਹਿਸੀਲ, ਅਨੰਤਪੁਰ ਜ਼ਿਲ੍ਹਾ, ਆਂਧਰਾ ਪ੍ਰਦੇਸ਼ ਮੰਨਿਆ ਜਾਂਦਾ ਹੈ।

ਉਨ੍ਹਾਂ ਦੇ ਪਿਤਾ ਜੀ ਦਾ ਨਾਮ ਭੀਮਾ ਨਾਇਕ ਅਤੇ ਮਾਤਾ ਜੀ ਦਾ ਨਾਮ ਧਰਮਣੀ ਸੀ। ਉਨ੍ਹਾਂ ਦੇ ਤਿੰਨ ਭਰਾ ਸਨ- ਬੱਦੂ, ਹੱਪਾ ਅਤੇ ਭਾਨਾ। ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਗੋਆਰ ਵੰਸ਼ ਦੇ ਭੂਕੀਆ ਗੋਤ ਵਿਚ ਜਨਮੇ ਸਨ। ਜਿਵੇਂ ਕਿ ਸਭ ਜਾਣਦੇ ਹਨ ਕਿ ਭੀਕਾ ਤੋਂ ਭੂਕੀਆ, ਕਰਮਸੀ ਤੋਂ ਮੁਛਾਲ ਅਤੇ ਧਰਮਸੀ ਤੋਂ ਧਰਮਸੋਤ ਗੋਤ ਸ਼ੁਰੂ ਹੋਏ ਹਨ। ਭੀਕਾ, ਕਰਮਸੀ ਅਤੇ ਧਰਮਸੀ ਤਿੰਨੋਂ ਭਰਾ ਸਨ।

ਸ੍ਰੀ ਗੁਰੂ ਸੇਵਾਲਾਲ ਜੀ ਆਪਣੇ ਪਿਤਾ ਜੀ ਦੀ ਸਭ ਤੋਂ ਵੱਡੀ ਸੰਤਾਨ ਸਨ। ਬਚਪਨ ਤੋਂ ਹੀ ਨਿਰਮੋਹ ਅਤੇ ਵਿਰਕਤ ਸੁਭਾਅ ਦੇ ਸਨ। ਨਿਰਅੱਖਰ, ਨਿਰਧਨ, ਘੁਮੱਕੜ, ਮਿਹਨਤੀ ਅਤੇ ਇਮਾਨਦਾਰ ਗੋਆਰ ਸਮਾਜ ਵਿਚ ਜਨਮ ਲੈਣ ਦੇ ਕਾਰਨ ਅਤੇ ਆਪਣੇ ਗੋਆਰ ਸਮਾਜ ਦੀ ਬੁਰੀ ਹਾਲਤ ਦੇਖ ਕੇ, ਉਨ੍ਹਾਂ ਨੇ ਸ਼ਾਦੀ ਨਾ ਕਰਵਾ ਕੇ, ਗੋਆਰ ਸਮਾਜ ਨੂੰ ਜਗਾਉਣ ਦਾ ਅਤੇ ਸੇਵਾ ਕਰਨ ਦਾ ਮਨ ਬਣਾ ਲਿਆ। ਮਾਤਾ-ਪਿਤਾ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਵਿਆਹ ਕਰਵਾਉਣ ਦੇ ਲਈ ਮਨਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਪੂਰਾ ਜੀਵਨ ਸ਼ਾਦੀ ਨਹੀਂ ਕਰਵਾਈ। ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਬਹੁਤ ਸਮੇਂ ਤੱਕ ਜ਼ਿੰਦਾ ਵੀ ਨਹੀਂ ਰਹੇ। 2 ਜਨਵਰੀ, 1773 ਈਸਵੀ ਨੂੰ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਨੇ ਸਮਾਧੀ ਲਈ। ਉਹ ਕੇਵਲ 33 ਸਾਲ, 10 ਮਹੀਨੇ ਅਤੇ 16 ਦਿਨ ਜੀਵਤ ਰਹੇ।

ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਦੇ ਜਨਮ ਬਾਰੇ ਜੋ ਕਥਾ ਗੋਆਰ ਭਾਈਚਾਰੇ ਵਿਚ ਪ੍ਰਚੱਲਿਤ ਹੈ, ਉਹ ਇੰਝ ਹੈ: ਉਨ੍ਹਾਂ ਦੀ ਮਾਤਾ ਧਰਮਨੀ ਨੂੰ, ਵਿਆਹ ਤੋਂ 9-10 ਸਾਲ ਬਾਅਦ ਵੀ ਕੋਈ ਔਲਾਦ ਪੈਦਾ ਨਹੀਂ ਸੀ ਹੋਈ। ਉਨ੍ਹਾਂ ਦੇ ਪਿਤਾ ਭੀਮਾ ਨਾਇਕ ਜੀ ਨੇ ਜਗਦੰਬਾ ਮਾਤਾ ਦੀ ਭਗਤੀ ਕੀਤੀ। ਇਸ ਭਗਤੀ ਤੋਂ ਖੁਸ਼ ਹੋ ਕੇ ਜਗਦੰਬਾ ਮਾਤਾ ਪ੍ਰਸੰਨ ਹੋ ਗਈ। ਜਗਦੰਬਾ ਮਾਤਾ ਜੀ ਦੇ ਆਸ਼ੀਰਵਾਦ ਤੋਂ ਬਾਅਦ ਮਾਤਾ ਧਰਮਨੀ ਗਰਭਵਤੀ ਹੋ ਗਈ ਅਤੇ ਪੁੱਤਰ ਦੇ ਰੂਪ ਵਿਚ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਨੂੰ ਜਨਮ ਦਿੱਤਾ।

ਸੇਵਾਲਾਲ ਜੀ ਵਪਾਰ ਦੇ ਲਈ ਦੇਸ਼ ਭਰ ਵਿਚ ਘੁੰਮਦੇ ਰਹੇ। ਇਕ ਦਿਨ ਹੈਦਰਾਬਾਦ ਦੇ ਨਿਜਾਮ ਸਟੇਟ ਦੇ ਜੰਗਲ ਵਿਚ ਵੜ ਕੇ ਸੇਵਾਲਾਲ ਜੀ ਦੀਆਂ ਗਊਆਂ ਨੇ ਘਾਹ ਅਤੇ ਹੋਰ ਬੂਟਿਆਂ ਦਾ ਨਾਸ਼ ਕਰ ਦਿੱਤਾ। ਹੈਦਰਾਬਾਦ ਦੇ ਨਿਜਾਮ ਨੂੰ ਜਦੋਂ ਪਤਾ ਲੱਗਾ ਤਾਂ ਉਹ ਬਹੁਤ ਗੁੱਸੇ ਵਿਚ ਆ ਗਏ। ਉਨ੍ਹਾਂ ਨੇ ਸੇਵਾਲਾਲ ਜੀ ਨੂੰ ਸਬਕ ਸਿਖਾਉਣ ਲਈ, ਮਿਠਾਈ ਦੀ ਪਿਟਾਰੀ ਵਿਚ ਜ਼ਹਿਰ ਪਾ ਕੇ ਸੇਵਾਲਾਲ ਜੀ ਦੇ ਟਾਂਡੇ ਵਿਚ ਭੇਜ ਦਿੱਤੀ। ਇਹ ਗੱਲ ਸੇਵਾਲਾਲ ਜੀ ਨੂੰ ਪਤਾ ਲੱਗਣ ਉਤੇ ਉਨ੍ਹਾਂ ਨੇ ਜਦਗੰਬਾ ਮਾਤਾ ਜੀ ਦੀ ਅਰਾਧਨਾ ਕੀਤੀ ਅਤੇ ਉਸ ਜ਼ਹਿਰ ਵਾਲੀ ਮਿਠਾਈ ਦੀ ਪਿਟਾਰੀ ਵਿਚ ਦੇਵੀ ਮਾਂ ਦਾ ਪ੍ਰਸ਼ਾਦ ਮਿਲਾ ਕੇ ਸਭ ਗੋਆਰ ਭਾਈਚਾਰੇ ਨੂੰ ਖੁਆ ਦਿੱਤੀ। ਜ਼ਹਿਰ ਵਾਲੀ ਮਿਠਾਈ ਖਾਣ ਤੋਂ ਬਾਅਦ ਗੋਆਰ ਭਾਈਚਾਰੇ ਨੂੰ ਕੁਝ ਨਹੀਂ ਹੋਇਆ। ਭਾਈਚਾਰੇ ਦੇ ਸਭ ਮੈਂਬਰ ਸਹੀ ਸਲਾਮਤ ਸਨ। ਇਸ ਕੌਤਕ ਬਾਰੇ ਸੁਣ ਕੇ ਨਿਜ਼ਾਮ ਦੇ ਬਾਦਸ਼ਾਹ ਹੈਰਾਨ ਰਹਿ ਗਏ ਅਤੇ ਅੰਦਰੋਂ ਡਰ ਵੀ ਗਏ ਕਿ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਕੋਈ ਰੱਬੀ ਕਹਿਰ ਨਾ ਵਰਤਾ ਦੇਣ। ਨਿਜ਼ਾਮ ਸਟੇਟ ਦੇ ਬਾਦਸ਼ਾਹ ਨੇ ਦਰਬਾਰ ਵਿਚ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਨੂੰ ਮੁਲਾਕਾਤ ਲਈ ਬੁਲਾਇਆ। ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਘੋੜੇ ਉਪਰ ਸਵਾਰ ਹੋ ਕੇ ਬਾਦਸ਼ਾਹ ਨੂੰ ਮਿਲਣ ਲਈ ਦਰਬਾਰ ਵਿਚ ਗਏ। ਤਦ ਬਾਦਸ਼ਾਹ ਨੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਨਿਜ਼ਾਮ ਸਟੇਟ ਦੇ ਜੰਗਲ ਵਿਚ ਸੇਵਾਲਾਲ ਜੀ ਦੀਆਂ ਗਊਆਂ ਅਤੇ ਬੈਲਾਂ ਨੂੰ ਘਾਹ ਚੁਗਣ ਦੀ ਇਜਾਜ਼ਤ ਦੇ ਦਿੱਤੀ।

ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਮੱਧ ਪ੍ਰਦੇਸ਼ ਦੇ ਮਾਲਵਾ ਪ੍ਰਾਂਤ ਤੋਂ ਹੁੰਦੇ ਹੋਏ ਦਿੱਲੀ ਵੱਲ ਵਪਾਰ ਕਰਨ ਲਈ ਨਿਕਲ ਪਏ। ਉਸ ਵਕਤ ਦਿੱਲੀ ਵਿਚ ਅੰਗਰੇਜ਼ਾਂ ਦਾ ਰਾਜ ਸੀ। ਅੰਗਰੇਜ਼ਾਂ ਦੇ ਕਰਮਚਾਰੀਆਂ ਨੇ ਸੇਵਾਲਾਲ ਜੀ ਤੋਂ ਟੈਕਸ ਮੰਗਿਆ ਅਤੇ ਸੇਵਾਲਾਲ ਜੀ ਨੇ ਨਾਂਹ ਕਰ ਦਿੱਤੀ। ਵਪਾਰ ਕਰਦੇ ਕਰਦੇ ਅੰਤ ਵਿਚ ਉਨ੍ਹਾਂ ਨੇ ਰੂਈਗੜ੍ਹ, ਜ਼ਿਲ੍ਹਾ ਯਵਤਮਾਲ, ਮਹਾਰਾਸ਼ਟਰ ਵਿਚ ਆ ਕੇ ਆਪਣੀ ਬਸਤੀ ਵਸਾਈ। ਇੱਥੇ ਹੀ 2 ਜਨਵਰੀ, 1773 ਨੂੰ ਉਨ੍ਹਾਂ ਨੇ ਸਮਾਧੀ ਲਈ। ਦਿਹਾਂਤ ਤੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਨੇ ਪੋਹਰਾਦੇਵੀ ਵਿਚ ਇਕ ਇਮਲੀ ਦਾ ਪੌਦਾ ਲਗਾਇਆ ਅਤੇ ਆਪਣੇ ਸ਼ਰਧਾਲੂਆਂ ਨੂੰ ਕਿਹਾ ਸੀ ਕਿ ਇਸੇ ਇਮਲੀ ਦੇ ਪੌਦੇ ਹੇਠਾਂ ਮੇਰੀ ਸਮਾਧੀ ਬਣਾਈ ਜਾਵੇ। ਇਸੇ ਕਾਰਨ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਦੀ ਮ੍ਰਿਤਕ ਦੇਹ ਨੂੰ ਰੂਈਗੜ੍ਹ ਤੋਂ ਪੋਹਰਾਦੇਵੀ ਲਿਆਂਦਾ ਗਿਆ। ਪੋਹਰਾਦੇਵੀ ਵਿਚ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਕੇ ਸਮਾਧੀ ਬਣਾਈ ਗਈ।

ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਸਦਗੁਣੀ, ਤਿਆਗੀ ਅਤੇ ਸੇਵਾਭਾਵੀ ਮਹਾਪੁਰਸ਼ ਸਨ। ਸਮਾਜ ਅਤੇ ਦੇਸ਼ ਦੀ ਸੇਵਾ ਵਿਚ ਕਿਸੇ ਪ੍ਰਕਾਰ ਦਾ ਵਿਘਨ ਜਾਂ ਰੁਕਾਵਟ ਨਾ ਪਵੇ, ਇਸੇ ਕਾਰਨ ਉਨ੍ਹਾਂ ਨੇ ਆਜੀਵਨ ਬ੍ਰਹਮਚਾਰੀ ਰਹਿਣ ਦੀ ਪ੍ਰਤਿੱਗਿਆ ਕੀਤੀ। ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਆਪਣੇ ਇਸ ਫੈਸਲੇ ਦੇ ਹੱਕ ਵਿਚ ਦਲੀਲ ਦਿੰਦੇ ਸਨ ਕਿ ਸਾਰੇ ਲੋਕ ਮੈਨੂੰ 'ਸੇਵਾ ਭਾਇਆ' (ਸੇਵਾ ਭਾਈ) ਕਹਿੰਦੇ ਹਨ, ਮੈਂ ਸ਼ਾਦੀ ਕੀਹਦੇ ਨਾਲ ਕਰਾਂ। ਅਜਿਹੀ ਦਲੀਲ ਦੇ ਕੇ ਉਹ ਵਿਆਹ ਕਰਵਾਉਣ ਦੀ ਜ਼ਿੰਮੇਵਾਰੀ ਤੋਂ ਬਚੇ ਰਹੇ। ਸ਼ਾਦੀਸ਼ੁਦਾ ਮਰਦ, ਪਤਨੀ ਅਤੇ ਬੱਚਿਆਂ ਦੀ ਦੇਖਭਾਲ ਦੀ ਜ਼ਿੰਮੇਵਾਰੀ ਦੇ ਕਾਰਨ, ਸਮਾਜ ਅਤੇ ਦੇਸ਼ ਦੀ ਸੇਵਾ ਚੰਗੀ ਤਰ੍ਹਾਂ ਨਹੀਂ ਕਰ ਸਕਦਾ। ਇਹ ਗੱਲ ਬ੍ਰਹਮਚਾਰੀ ਸੇਵਾਲਾਲ ਜੀ ਮਹਾਰਾਜ ਚੰਗੀ ਤਰ੍ਹਾਂ ਜਾਣਦੇ ਸਨ।ਇਸੇ ਕਾਰਨ ਜੀਵਨ ਭਰ ਸੇਵਾ ਲਾਲ ਜੀ ਨੇ ਸ਼ਾਦੀ ਨਹੀਂ ਕਰਵਾਈ। ਅਜਿਹੀ ਭੀਸ਼ਮ ਪ੍ਰਤਿੱਗਿਆ ਮਹਾਨ, ਤਿਆਗੀ, ਵਿਚਾਰਾਂ ਨੂੰ ਪ੍ਰਣਾਏ ਹੋਏ ਦੂਰਦਰਸ਼ੀ ਅਤੇ ਸਮਾਜ ਸੇਵਾ ਨੂੰ ਸਮਰਪਿਤ ਕੋਈ ਦੇਸ਼ ਸੁਧਾਰਕ ਹੀ ਕਰ ਸਕਦਾ ਹੈ।

ਸ੍ਰੀ ਗੁਰੂ ਸੇਵਾਲਾਲ ਜੀ ਨੇ ਆਪਣੀ ਗੋਆਰ ਬੋਲੀ ਵਿਚ ਗੋਆਰ ਭਾਈਚਾਰੇ ਨੂੰ ਸੰਦੇਸ਼ ਦਿੰਦੇ ਹੋਏ ਕਿਹਾ ਸੀ:

"ਮਾਰੀ ਸਿਖਵਾੜੀ ਪਰ ਧਿਆਨ ਦੇਜੋ,
ਜਾਣਜੋ, ਛਾਣਜੋ ਪਾਛੈਂ ਮਾਣਜੋ।''

ਉਨ੍ਹਾਂ ਦੇ ਕਹਿਣ ਦਾ ਭਾਵ ਅਰਥ ਇਹ ਸੀ ਕਿ ਮੇਰੇ ਵੱਲੋਂ ਕਹੀਆਂ ਗਈਆਂ ਗੱਲਾਂ ਨੂੰ ਪੂਰੀ ਤਰ੍ਹਾਂ ਘੋਖ ਪੜਤਾਲ ਤੋਂ ਬਾਅਦ ਹੀ ਸਵੀਕਾਰ ਕਰਨਾ, ਅੱਖਾਂ ਬੰਦ ਕਰਕੇ ਨਾ ਮੰਨਣਾ। ਗੋਆਰ ਬੋਲੀ ਵਿਚ ਹੀ ਉਨ੍ਹਾਂ ਨੇ ਕਿਹਾ ਸੀ ਕਿ:

"ਈ ਸਤਯੁਗ ਛਾ, ਏਰੇ ਬਾਦ ਕਲਯੁਗ ਅਈਆ, ਕਲਯੁਗੇ ਮਈਂ ਕਲੋਲ ਚਾਲੀਏਂ, ਮਾਏਂ ਨੇ ਬੇਟਾ ਭਾਰੀ ਪੜੀਆ, ਰੁਪਈਆ ਕਟੋਰੋ ਪਾਣੀ ਵਿਕ ਜਈਆ, ਰਪਈਆ ਰੇ ਤੇਰਾਂ ਚਨਾ ਵਿਕੀਐਂ।''

"ਰੰਡੀਰੋ ਰਾਜ ਅਈਆ, ਸੋਨੇ ਰੇ ਸੀਂਗ ਗਊਐਂ ਵਿਕ ਜਈਐਂ। ਗਊ ਧਨੇ ਨੇ ਚਾਰੋ ਕੋਈ ਨਈਂ ਮਿਲੇ ਰੋ। ਹੱਡੀਓਂ ਰੋ ਢੇਰ ਪੜ ਜਈਆ। ਰਪਈਆ ਲੇ ਕੇ ਗਲੀ ਗਲੀ ਫਿਰੀਐਂ, ਅੰਨ ਕੋਣੀ ਮਿਲੇ ਰੋ।''

"ਵਣ ਵਣੇ ਰੇ ਦੁਖ ਅਈਏਂ, ਘਰ ਘਰ ਡਾਕਟਰ ਅਈਏਂ। ਡਾਕਟਰ ਦੁਖੇ ਰੇ ਪਰਖ ਕਰੀਆ, ਉਨੇ ਦੇਖ ਲਾਭ ਕੋਣੀ, ਬੋਲਤੇ ਬੋਲਤੇ ਮਨਖ ਖਤਮ ਹੋ ਜਈਆ।''

"ਘਰੈਂ ਘਰੈਂ ਭਗਤ ਹੋਈਏਂ। ਗਲੀ ਗਲੀ ਨਗਾਰਾ ਵਾਜ ਜਈਆ। ਘਰੈਂ ਘਰੈਂ ਨਾਇਕ ਹੋਈਏਂ। ਘਰੈਂ ਘਰੈਂ ਕਾਲ ਘੁਸ ਜਈਆ। ਭਾਈ ਭਾਈ ਰੋ ਪਟ ਕੋਣੀ, ਬਾਪ ਬੇਟਾ ਰੋ ਪਟ ਕੋਣੀ। ਸਾਸੂ ਬੋੜੀ ਰੋ ਪਟ ਕੋਣੀ। ਘਰੈਂ ਘਰੈਂ ਮਈਂ ਕਲੋਲ ਚਾਲੀਏਂ।''

"ਪਾਪੀ ਰੇ ਚਾਲੀਆ, ਪਾਪੀ ਰੇ ਘਰੈਂ ਰੁਪਈਆ ਮਿਲੀਆ।''

"ਲਾਂਬੇ ਤਾਂਡੇ ਰੇ ਮੁਲਕੇ ਨੇ ਗੋਆਰ ਜਈਏਂ।''

"ਅੱਬੇ ਕੌਣ ਤਾਰੀਆ, ਸੇਵਾ ਭਾਇਆ ਰੋ ਅਵਤਾਰ ਅਈਆ, ਗੋਆਰ ਬੰਦਾਓਂ ਨੇ ਤਾਰੀਆ-ਤਾਰੀਆ।''

ਉਪਰ ਜਿਹੜੀਆਂ ਗੱਲਾਂ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਨੇ ਆਪਣੇ ਉਪਦੇਸ਼ਾਂ ਦੇ ਰੂਪ ਵਿਚ ਗੋਆਰ ਬੋਲੀ ਵਿਚ ਆਪਣੇ ਭਗਤਾਂ ਅਤੇ ਸੇਵਕਾਂ ਨੂੰ ਆਪਣੇ ਜਿਊਂਦੇ ਜੀਅ ਕਹੀਆਂ ਸਨ, ਅੱਜ ਦੇ ਸਮੇਂ ਉਹ ਸਭ ਗੱਲਾਂ ਇਕ ਸੌ ਪ੍ਰਤੀਸ਼ਤ ਸੱਚ ਸਾਬਤ ਹੋਈਆਂ ਹਨ।

ਉਨ੍ਹਾਂ ਦੀ ਕੇਵਲ ਇਕ ਭਵਿੱਖਬਾਣੀ ਜਿਹੜੀ ਅਜੇ ਪੂਰੀ ਹੋਣੀ ਹੈ, ਉਹ ਹੈ ਕਿ "ਮੈਂ ਪੰਜਾਬ ਵਿਚ ਜਨਮ ਲਵਾਂਗਾ। ਅਖਤਰ ਬਖਤਰ ਮੇਰਾ ਬਾਣਾ ਰਹੇਗਾ। ਦਿੱਲੀ-ਲਾਹੌਰ ਤੋਂ ਦਲ ਆਏਗਾ। ਸਿਰ ਉਪਰ ਘੁੰਗਰੀਆ ਟੋਪ ਰਹੇਗਾ। ਸਫੈਦ ਘੋੜੇ ਉਤੇ ਸਵਾਰ ਹੋਵਾਂਗਾ।

ਸੱਜੇ ਹੱਥ ਵੱਲ ਜੋ (ਸੱਚਾ ਬੰਦਾ) ਰਹੇਗਾ ਉਸ ਨੂੰ ਬਚਾ ਲਵਾਂਗਾ। ਖੱਬੇ ਹੱਥ ਵੱਲ ਜੋ ਵੀ (ਝੂਠਾ ਬੰਦਾ) ਹੋਵੇਗਾ, ਉਸਨੂੰ ਖਤਮ ਕਰ ਦਿਆਂਗਾ।''

ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਸਮੁੱਚੀ ਮਨੁੱਖਤਾ ਦਾ ਭਲਾ ਮੰਗਣ ਵਾਲੇ ਸੰਤ ਸਨ। ਉਨ੍ਹਾਂ ਵੱਲੋਂ ਕੀਤੀ ਜਾਂਦੀ ਪ੍ਰਾਰਥਨਾ ਤੋਂ ਇਹ ਗੱਲ ਭਲੀ ਭਾਂਤੀ ਸਾਬਤ ਹੁੰਦੀ ਹੈ:

"ਗੋਰ ਕੋਰੇ ਨੇ ਸਾਈਂ ਵੇਸ, ਜੀਵ ਜੰਤੂ ਨੇ ਸਾਈਂ ਵੇਸ।
ਕੀੜੀ ਮੁੰਗੀ ਨੇ ਸਾਈਂ ਵੇਸ ਯਾੜੀ, ਜੀਵਨ ਜਨਗਾਣੀ ਨੇ
ਸਾਈਂ ਵੇਸ।
ਬਾਲ ਬੱਚਾ ਨੇ ਸਾਈਂ ਵੇਸ, ਵਾੜੀ ਨਗਰੀ ਨੇ ਸਾਈਂ ਵੇਸ ਯਾੜੀ।
ਯਾੜੀ ਸੱਤਿਆ ਕਾਮ ਫੱਤੇ ਕਰ, ਭਲੇ ਤਾਈਂ ਭੇਟ ਕਰਾ ਯਾੜੀ।
ਆਇਓ ਵਿਘਨ ਟਾਲ, ਯਾਦ ਕਰੇ ਪਰ ਆਗੈਂ ਆਜੋ ਯਾੜੀ।
ਕਚੇਰੀ ਰੇ ਪੰਚੇ ਨੇ ਕਾਢ, ਸਾਊਕਾਰੇ ਨੇ ਮੁੰਢਾਗ ਰਖਾੜ।
ਕਾਲੇ ਮਾਥੇ ਰੇ ਮਨੁਖ ਛਾਂ, ਪਗੇ ਪਗੇ ਪਰ ਚੂਕਾਂ ਛਾਂ।
ਭੂਲੋ ਚੂਕੋ ਮਾਫ ਕਰ ਯਾੜੀ।''

ਉਪਰੋਕਤ ਪ੍ਰਾਰਥਨਾ ਜੋ ਕਿ ਉਨ੍ਹਾਂ ਨੇ 'ਯਾੜੀ' ਯਾਨੀ ਮਾਤਾ ਅੱਗੇ ਅਰਦਾਸ ਦੇ ਰੂਪ ਵਿਚ ਕੀਤੀ ਹੈ, ਵਿਚ ਗੋਆਰਾਂ ਅਤੇ ਕੋਰਾਂ, ਪੂਰੀ ਲੋਕਾਈ, ਜੀਵ ਜੰਤੂਆਂ, ਬਾਲ-ਬੱਚਿਆਂ, ਵਾੜੀ ਨਗਰੀ ਉਤੇ ਮਿਹਰ ਕਰਨ ਦੀ ਮੰਗ ਕੀਤੀ ਹੈ। ਸ੍ਰੀ ਗੁਰੂ ਸੇਵਾਲਾਲ ਜੀ ਨੇ ਸੱਚਾ ਕੰਮ ਫਤਿਹ ਕਰਨ ਅਤੇ ਭਲੇ ਬੰਦੇ ਨਾਲ ਮਿਲਵਾਉਣ ਦੀ ਅਰਦਾਸ ਮਾਤਾ ਅੱਗੇ ਕੀਤੀ ਹੈ। ਅੰਤ ਵਿਚ ਸੇਵਾਲਾਲ ਜੀ ਨੇ ਸਾਰੀਆਂ ਗਲਤੀਆਂ ਮਾਫ ਕਰਨ ਦੀ ਅਰਦਾਸ ਮਾਤਾ ਅੱਗੇ ਕੀਤੀ ਹੈ। ਸਤਿਗੁਰੂ ਸੇਵਾਲਾਲ ਜੀ ਮਹਾਰਾਜ ਜੀ ਦਾ ਜਨਮ ਦਿਵਸ 15 ਫ਼ਰਵਰੀ ਨੂੰ ਹੈ। ਆਂਧਰਾ, ਤੇਲੰਗਾਨਾ, ਕਰਨਾਟਕ, ਮਹਾਰਾਸ਼ਟਰ, ਗੋਆ ਅਤੇ ਮੱਧ ਪ੍ਰਦੇਸ਼ ਰਾਜਾਂ ਵਿੱਚ ਗੋਆਰ ਭਾਈਚਾਰਾ ਸਤਗੁਰੂ ਸੇਵਾਲਾਲ ਜੀ ਮਹ-ਾਰਾਜ ਦਾ ਪ੍ਰਕਾਸ਼ ਉਤਸਵ ਬੜੀ ਧੂਮਧਾਮ ਨਾਲ ਮਨਾਉਂਦਾ ਹੈ। ਪੋਹਰਾਦੇਵੀ ਅਤੇ ਸੇਵਾਗੜ ਵਿਖੇ ਤਾਂ 10-10 ਲੱਖ ਲੋਕ ਸ੍ਰੀ ਗੁਰੂ ਸੇਵਾਲਾਲ ਜੀ ਮਹਾਰਾਜ ਦਾ ਜਨਮ ਦਿਹਾੜਾ ਮਨਾਉਣ ਲਈ ਪੁੱਜਦੇ ਹਨ। ਕੌਮੀ ਪੱਧਰ ਉੱਤੇ ਗੋਆਰ ਸਮਾਜ ਵਿੱਚ ਏਕਤਾ ਦਾ ਪਰਦਰਸ਼ਨ ਕਰਨ ਲਈ ਅਤੇ ਰਾਸ਼ਟਰੀ ਪਛਾਣ ਸਥਾਪਤ ਕਰਨ ਲਈ ਸਤਗੁਰੂ ਸੇਵਾਲਾਲ ਜੀ ਮਹਾਰਾਜ, ਬਾਬਾ ਲੱਖੀ ਸ਼ਾਹ ਵਣਜਾਰਾ ਅਤੇ ਸ੍ਰੀ ਵਸੰਤ ਰਾਓ ਨਾਇਕ (ਸਾਬਕਾ ਮੁੱਖ ਮੰਤਰੀ ਮਹਾਰਾਸ਼ਟਰ) ਜੀ ਦੇ ਜਨਮ ਦਿਵਸ ਗੋਆਰ ਸਮਾਜ ਵੱਲੋਂ ਮਨਾਏ ਜਾਂਦੇ ਹਨ। ਆਪਣੇ ਸਮਾਜ ਦੀਆਂ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਜਨਮ ਦਿਵਸ ਮਨਾਉਣਾ ਸਮਾਜਿਕ ਚੇਤਨਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ। 15 ਫ਼ਰਵਰੀ ਵਾਲੇ ਦਿਨ ਪ੍ਰਸਾਦ ਦਾ ਭੋਗ ਸਤਗੁਰੂ ਸੇਵਾਲਾਲ ਜੀ ਮਹਾਰਾਜ ਨੂੰ ਲਗਵਾ ਕੇ ਆਪਣੇ ਪਰਿਵਾਰ ਵਿੱਚ ਅਤੇ ਆਂਢ-ਗੁਆਂਢ ਵਿੱਚ ਪ੍ਰਸਾਦ ਵੰਡਣ ਦੀ ਰੀਤ ਹੈ।




ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਦੇ ਸੰਦੇਸ਼ ਦਾ ਪਰਚਾਰ ਕਰਨ ਵਾਲੀ ਸੰਸਥਾ ਗੋਰ ਸਿਕਵਾੜੀ ਵੱਲੋਂ ਔਰੰਗਾਬਾਦ (ਮਹਾਰਾਸ਼ਟਰ) ਵਿੱਚ ਚਲਾਏ ਜਾਂਦੇ ਰਾਏਸਿਨਾ ਸਟੱਡੀ ਸੈਂਟਰ ਵੱਲੋਂ 20 ਮਾਰਚ, 2016 ਨੂੰ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ ਨੂੰ ਸਨਮਾਨਿਤ ਕਰਦੇ ਹੋਏ ਗੋਰ ਸਿਕਵਾੜੀ ਦੇ ਨਾਇਕ ਕਾਸ਼ੀਨਾਥ ਨਾਇਕ, ਗੋਰ ਸੈਨਾ ਦੇ ਪਰਧਾਨ ਪਰੋਫੈਸਰ ਸੰਦੇਸ਼ ਚਵਾਨ, ਗੋਰ ਸਿਕਵਾੜੀ ਦੇ ਫੁੱਲ ਟਾਈਮ ਪਰਚਾਰਕ ਅਰੁਣ ਦਿਗਾਂਬਰ ਚਵਾਨ ਅਤੇ ਗੋਰ ਸਿਕਵਾੜੀ ਦੇ ਖਜ਼ਾਨਚੀ ਆਰ. ਸੀ. ਭਈਆ।




ਗੋਰ ਸਿਕਵਾੜੀ ਵੱਲੋਂ ਪੰਜਾਬ ਵਿੱਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕਮਲ ਧਰਮਸੋਤ। ਇਸ ਮੌਕੇ ਸਟੇਜ ਉੱਤੇ ਨਜ਼ਰ ਆ ਰਹੇ ਹਨ ਗੋਰ ਸੈਨਾ ਦੇ ਪਰਧਾਨ ਪਰੋਫੈਸਰ ਸੰਦੇਸ਼ ਚਵਾਨ, ਕੋਚ ਜੋਗਿੰਦਰ ਨਰਸੋਤ ਅਤੇ ਜੰਗੀਰ ਚੰਦ ਵਰਤੀਆ।



ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਦੇ ਜਨਮ ਅਸਥਾਨ ਸੇਵਾਗੜ੍ਹ, ਆਂਧਰਾ ਪ੍ਰਦੇਸ਼ ਵਿਖੇ 15 ਫਰਵਰੀ, 2016 ਨੂੰ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ ਨੂੰ ਸਨਮਾਨਿਤ ਕਰਦੇ ਹੋਏ ਪਰਬੰਧਕ।



ਸ੍ਰੀ ਗੁਰੂ ਸੇਵਾ ਲਾਲ ਜੀ ਮਹਾਰਾਜ ਦੇ ਸਮਾਧੀ ਸਥਾਨ ਪੋਹਰਾ ਦੇਵੀ, ਮਹਾਰਾਸ਼ਟਰ ਵਿਖੇ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਕਮਲ ਧਰਮਸੋਤ ਨੂੰ ਸਨਮਾਨਿਤ ਕਰਦੇ ਹੋਏ ਪਰਬੰਧਕ ਹਰੀ ਭਾਊ ਰਾਠੌੜ (ਸਾਬਕਾ ਐਮ. ਪੀ.), ਗੁਜਰਾਤੀ ਫਿਲਮ ਸਟਾਰ ਦਿਲਰਾਜ ਬੰਜਾਰਾ, ਡਾਕਟਰ ਟੀ. ਸੀ. ਰਾਠੌੜ, "ਸੰਤ ਸੇਵਾਲਾਲ" ਫਿਲਮ ਦੇ ਨਿਰਮਾਤਾ ਅਤੇ ਨਿਰਦੇਸ਼ਕ ਚੰਦਰ ਕਾਂਤ ਪਵਾਰ ਅਤੇ ਲੇਖਕ ਪਰੋਫੈਸਰ ਮੋਤੀਰਾਜ ਰਾਠੌੜ।



## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵੱਲੋਂ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਮਹਿੰਦਰ ਸਿੰਘ ਰੱਤੂ

**ਚੇਅਰਮੈਨ**

**ਸ੍ਰੀ ਗੁਰੂ ਰਵਿਦਾਸ ਟੈਂਪਲ ਕਮੇਟੀ, ਯੂਬਾ ਸਿਟੀ ਅਤੇ ਸਮੂਹ ਪਰਿਵਾਰ**



ਮਹਿੰਦਰ ਸਿੰਘ ਰੱਤੂ



ਸ੍ਰੀ ਗੁਰੂ ਰਵਿਦਾਸ ਜੀ

**ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ। ਛੋਟ ਬੜ੍ਹੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।।**

## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਸਮੂਹ ਰੱਲ੍ਹ ਪਰਿਵਾਰ ਵੱਲੋਂ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ)



## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵੱਲੋਂ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

# ਰਾਮ ਸੇਵਕ ਭਾਟੀਆ

ਹੈਡ ਕੈਸ਼ੀਅਰ
ਸ੍ਰੀ ਗੁਰੂ ਰਵਿਦਾਸ ਟੈਂਪਲ,ਯੂਬਾ ਸਿਟੀ
(530-682-3962) ਅਤੇ ਸਮੂਹ ਪਰਿਵਾਰ





## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ



ਦਿਆਲ ਰਾਮ ਨਰ (ਸਰਪੰਚ) ਜੱਦੀ ਪਿੰਡ: ਗੜ੍ਹਾ (ਫਿਲੌਰ), ਆਪਣੇ ਪਰਿਵਾਰਕ ਮੈਂਬਰਾਂ ਨਾਲ

# ਮਹਾਨ ਰੈਣਿ ਸਬਾਈ ਕੀਰਤਨ ਦਰਬਾਰ ਕਰਵਾਇਆ
















**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਨੂੰ ਮੁੱਖ ਰੱਖਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ), ਬੀਬੀ ਨਿਰਮਲ ਕੌਰ ਭੰਡਾਲ ਦੇ ਪਰਿਵਾਰ ਵੱਲੋਂ ਮਹਾਨ ਰੈਣਿ ਸਬਾਈ ਕੀਰਤਨ ਦਰਬਾਰ ਮਿਤੀ 9 ਫਰਵਰੀ 2017 ਦਿਨ ਵੀਰਵਾਰ ਨੂੰ ਕਰਵਾਇਆ ਗਿਆ। ਇਸ ਵਿਚ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਜਥੇਦਾਰ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ ਗੁਰੂ ਘਰ) ਜੀ ਦਾ ਢਾਡੀ ਜਥਾ, ਭਾਈ ਦਰਸ਼ਨ ਸਿੰਘ ਜੀ ਮਸਤੋਆਣਾ, ਭਾਈ ਭਾਗ ਸਿੰਘ ਜੀ ਨਾਨਕ ਮਤਾ, ਭਾਈ ਅਜਮੇਰ ਸਿੰਘ ਜੀ ਰੋਜ਼ਵਿਲ ਵਾਲੇ, ਭਾਈ ਅਜਮੇਰ ਸਿੰਘ ਜੀ ਹੁਸ਼ਿਆਰਪੁਰ ਵਾਲੇ ਆਦਿ ਕੀਰਤਨੀ ਜਥੇ ਨੇ ਗੁਰਬਾਣੀ ਕਥਾ, ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ ਵੱਲੋਂ ਰਾਤ 12 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰ ਫੁੱਲਾਂ ਦੀ ਵਰਖਾ ਕੀਤੀ ਗਈ। ਭਾਈ ਸਤਿਨਾਮ ਸਿੰਘ ਜੀ ਯੂਬਾ ਸਿਟੀ ਵਾਲਿਆਂ ਵੱਲੋਂ ਜਲੇਬੀਆਂ ਦੇ ਲੰਗਰ ਦੀ ਸੇਵਾ ਕੀਤੀ ਗਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ, ਬੀਬੀ ਨਿਰਮਲ ਕੌਰ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਪਰਿਵਾਰ ਵੱਲੋਂ ਦੋ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ











**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ, ਬੀਬੀ ਪੁਸ਼ਪਾ ਰੱਲ੍ਹ ਜੀ ਵੱਲੋਂ ਮਿਤੀ 10, 11, 12 ਫਰਵਰੀ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਪਹਿਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਗਈ, ਜਿਸ ਵਿਚ 2 ਸ੍ਰੀ ਅਖੰਡ ਪਾਠ ਸਾਹਿਬ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀ ਖੁਸ਼ੀ ਵਿਚ ਰਖਾਏ ਗਏ ਅਤੇ ਦੂਜੇ ਸ੍ਰੀ ਅਖੰਡ ਪਾਠ ਸਾਹਿਬ ਸ੍ਰੀ ਭੁਪਿੰਦਰ ਸਿੰਘ ਭੰਡਾਲ, ਬੀਬੀ ਬੰਦਨਾ ਭੰਡਾਲ ਜੀ ਦੀ ਬੇਟੀ ਹਰਲੀਨ ਭੰਡਾਲ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ ਸੀ।

ਇਸ ਦਰਮਿਆਨ ਮਿਤੀ 10 ਫਰਵਰੀ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਦੂਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ ਮਿਤੀ 12 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਜੋਗਿੰਦਰ ਸਿੰਘ ਸ਼ੌਂਕੀ ਜੀ ਨੇ ਵੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ।

ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

******

ਦੇਸ਼ ਦੁਆਬਾ

# ਯੂ.ਪੀ.'ਚ ਬਸਪਾ ਇਕ ਵੱਡੀ ਤਾਕਤ

ਜੇਕਰ ਜੋਸ਼ ਅਤੇ ਭੀੜ ਚੋਣ ਨਤੀਜੇ ਆਪਣੇ ਪੱਖ ਵਿਚ ਕਰਨ ਦਾ ਇਕ ਮਾਪਦੰਡ ਹੈ ਤਾਂ ਬਹੁਜਨ ਸਮਾਜ ਪਾਰਟੀ ਉਤਰ ਪ੍ਰਦੇਸ਼ ਵਿਚ ਇਕ ਵੱਡੀ ਤਾਕਤ ਨਜ਼ਰ ਆਉਂਦੀ ਹੈ। ਸੋਮਵਾਰ ਨੂੰ ਇਟਾਵਾ ਦੇ ਕੋਲ ਮਾਇਆਵਤੀ ਦੀ ਇਕ ਰੈਲੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਮੜ ਪਏ। ਆਗਰਾ-ਕਾਨ੍ਹਪੁਰ ਹਾਈਵੇ ਤੇ ਵਹੀਕਲਾਂ ਤੋਂ ਕਿਤੇ ਜ਼ਿਆਦਾ ਲੋਕ ਨਜ਼ਰ ਆ ਰਹੇ ਸਨ। ਹਾਈਵੇ ਤੇ ਟ੍ਰੈਫਿਕ ਜਾਮ ਹੋ ਗਿਆ ਅਤੇ ਇਹ ਤਾਂ ਉਸ ਸਮੇਂ ਦੀ ਗੱਲ ਹੈ ਜਦੋਂ ਮਾਇਆਵਤੀ ਆਪਣੇ ਹੈਲੀਕਾਪਟਰ ਤੇ ਉਥੇ ਪਹੁੰਚੀ ਵੀ ਨਹੀਂ ਸੀ। ਉਹਨਾਂ ਦੇ ਸਟੇਜ ਤੇ ਆਉਣ ਤੋਂ ਬਾਅਦ ਪੁਲਿਸ ਲਈ ਭੀੜ ਨੂੰ ਕਾਬੂ ਕਰਨਾ ਮੁਸ਼ਕਿਲ ਹੋ ਗਿਆ।

ਬੀਤੇ ਦਿਨਾਂ ਵਿਚ ਸਮਾਜਵਾਦੀ ਪਾਰਟੀ ਅਤੇ ਭਾਜਪਾ ਦੀਆਂ ਰੈਲੀਆਂ ਵੀ ਮੀਡੀਆ ਵਿਚ ਦਿਖਾਈਆਂ ਗਈਆਂ ਹਨ। ਬਸਪਾ ਦੀ ਰੈਲੀ ਵਿਚ ਨਾ ਕੇਵਲ ਉਹਨਾਂ ਤੋਂ ਜ਼ਿਆਦਾ ਭੀੜ ਸੀ ਬਲਕਿ ਜੋਸ਼ ਵੀ ਜ਼ਿਆਦਾ ਸੀ ਅਤੇ ਜੋਸ਼ ਬਨਾਵਟੀ ਨਹੀਂ ਲੱਗ ਰਿਹਾ ਸੀ। ਹੁਣ ਤੱਕ ਦੀਆਂ ਰੈਲੀਆਂ ਵਿਚ ਕੁਝ ਹੀ ਔਰਤਾਂ ਨਜ਼ਰ ਆਉਂਦੀਆਂ ਸਨ ਪਰ ਇਹ ਕਹਿਣਾ ਸਹੀ ਹੋਵੇਗਾ ਕਿ ਸੋਮਵਾਰ ਦੀ ਬਸਪਾ ਰੈਲੀ ਵਿਚ ਔਰਤਾਂ ਵੀ ਉਨੀਆਂ ਹੀ ਸਨ, ਜਿੰਨੇ ਮਰਦ ਸਨ। ਹਾਈਵੇ ਦੇ ਕਿਨਾਰੇ ਇਕ ਖੁੱਲ੍ਹੇ ਮੈਦਾਨ ਵਿਚ ਰੰਗ ਬਿਰੰਗੀਆਂ ਸਾੜੀਆਂ ਪਾਈ ਔਰਤਾਂ ਕੇਵਲ ਮੈਦਾਨ ਭਰਨ ਨਹੀਂ ਆਈਆਂ ਸਨ ਬਲਕਿ ਉਹ ਨਾਅਰੇ ਵੀ ਲਗਾ ਰਹੀਆਂ ਸਨ ਅਤੇ ਮਾਇਆਵਤੀ ਨੂੰ ਚੋਣਾਂ ਵਿਚ ਆਪਣੀ ਵੋਟ ਦੇਣ ਦੀ ਗੱਲ ਵੀ ਕਹਿ ਰਹੀਆਂ ਸਨ। ਇਕ ਝੁੰਡ ਵਿਚ ਖੜ੍ਹੀਆਂ ਔਰਤਾਂ ਨੇ ਦੱਸਿਆ ਕਿ ਮਾਇਆਵਤੀ ਉਹਨਾਂ ਦੇ ਲਈ ਇਕ ਮਸੀਹਾ ਹੈ। ਇਕ ਵਿਅਕਤੀ ਨੇ ਕਿਹਾ ਕਿ ਮਾਇਆਵਤੀ ਨੇ ਦਲਿਤਾਂ ਨੂੰ ਜ਼ਮੀਨਾਂ ਦਿੱਤੀਆਂ ਅਤੇ ਉਸ ਤੋਂ ਵੀ ਵੱਧ ਕੇ ਸਨਮਾਨ ਦਿੱਤਾ ਹੈ।

ਰੈਲੀ ਵਿਚ ਮੌਜੂਦ ਲੋਕਾਂ ਦਾ ਦਾਅਵਾ ਸੀ ਕਿ ਜ਼ਿਆਦਾਤਰ ਮੁਸਲਿਮ ਵੋਟ ਮਾਇਆਵਤੀ ਨੂੰ ਹੀ ਪੈ ਰਿਹਾ ਹੈ। ਬਸਪਾ ਨੇ 97 ਮੁਸਲਿਮ ਉਮੀਦਵਾਰ ਮੈਦਾਨ ਵਿਚ ਉਤਾਰੇ ਹਨ ਜੋ ਸਮਾਜਵਾਦੀ ਪਾਰਟੀ ਤੋਂ ਕਿਤੇ ਜ਼ਿਆਦਾ ਹਨ। ਭਾਜਪਾ ਨੇ ਕੋਈ ਮੁਸਲਿਮ ਉਮੀਦਵਾਰ ਖੜ੍ਹਾ ਨਹੀਂ ਕੀਤਾ ਹੈ। ਜੇਕਰ ਭੀੜਾਂ ਕਿਸੇ ਪਾਰਟੀ ਦੇ ਹੱਕ ਵਿਚ ਉਤਸ਼ਾਹ ਹਨ ਤਾਂ ਨਿਸਚਿਤ ਹੀ ਬਸਪਾ ਉਤਰ ਪ੍ਰਦੇਸ਼ ਵਿਚ ਅੱਗੇ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-22

## ਹਰਾਮਖੋਰ ਕੀ ਕਰਦਾ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਹਰਾਮਖੋਰ ਵੀ ਫਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ-ਹਰਾਮ ਖਾਣ ਵਾਲਾ, ਧਰਮ ਅਨੁਸਾਰ ਵਰਜਿਤ ਕੀਤਾ ਹੋਇਆ ਅਤੇ ਬੇਈਮਾਨੀ ਦਾ ਖੱਟਿਆ ਖਾਣ ਵਾਲਾ, ਨਿੰਦਤ ਕਰਮ ਕਰਨ ਵਾਲਾ, ਹੱਟਾ-ਕੱਟਾ ਹੋ ਕੇ ਵੀ ਦੂਜਿਆਂ ਦੀ ਕਮਾਈ ਤੇ ਟੇਕ ਰੱਖਣ ਵਾਲਾ। ਜਿਵੇਂ ਅੱਜ ਦੇ ਭੇਖੀ ਸਾਧ ਸੰਤ ਜੋ ਦਸਾਂ ਨੌਹਾਂ ਦੀ ਕਿਰਤ ਨਹੀਂ ਕਰਦੇ ਸਦਾ ਦੂਜਿਆਂ ਤੇ ਹੀ ਟੇਕ ਰੱਖਦੇ, ਇਹ ਸਭ ਹਰਾਮਖੋਰ ਹਨ। ਇਨ੍ਹਾਂ ਹਰਾਮਖੋਰਾਂ ਦੇ ਢਿੱਡ ਭਰਨ ਵਾਲੇ ਵੀ ਕੋਈ ਸਿਆਣੇ ਨਹੀਂ ਕਹੇ ਜਾ ਸਕਦੇ ਸਗੋਂ ਅੰਧ ਵਿਸ਼ਵਸਾਸ਼ੀ ਹੁੰਦੇ ਹਨ। ਸੰਸਾਰ ਵਿਖੇ ਅਜਿਹੇ ਲੱਖਾਂ ਹੀ ਹਨ-ਅਸੰਖ ਚੋਰ ਹਰਾਮਖੋਰ॥(੪) ਦਾਤਾਰ ਦਾ ਦਿੱਤਾ ਖਾ ਕੇ, ਤੂੰ ਬੜੀ ਬੇਸ਼ਰਮੀ ਨਾਲ ਹਰਾਮਖੋਰੀ ਕਰ ਰਿਹਾ ਹੈਂ ਭਾਵ ਹਰਾਮਖੋਰ ਜਿਸ ਥਾਲੀ ਵਿੱਚ ਖਾਂਦੇ ਉਸੇ ਵਿੱਚ ਹੀ ਛੇਕ ਕਰਦੇ ਹਨ-ਲੂਣੁ ਖਾਇ ਕਰਹਿ ਹਰਾਮਖੋਰੀ॥ ਪੇਖਤ ਨੈਨ ਬਿਦਾਰਿਓ॥(੧੦੦੧) ਭਾਈ ਗੁਰਦਾਸ ਜੀ ਅਨੁਸਾਰ ਵੀ ਕਈ ਆਪਣੇ ਹੀ ਮਾਲਕ ਦਾ ਬੁਰਾ ਤੱਕਣ ਵਾਲੇ, ਵਿਸ਼ਵਾਸ਼ ਘਾਤਕ ਅਤੇ ਲੂਣ ਹਰਾਮੀ ਹਨ-ਸਵਾਮਿ ਧ੍ਰੋਹੀ ਵਿਸ਼ਵਾਸ਼ ਘਾਤ ਲੂਣ ਹਰਾਮੀ ਰਖ ਭਾਰੀ॥ (ਵਾਰ-੮,ਪਾਉੜੀ-੧੫) ਅਤੇ ਆਪਣੇ ਮਨ ਪਿੱਛੇ ਤੁਰਨ ਵਾਲੇ ਲੂਣਹਰਾਮੀ ਬੰਦੇ ਪ੍ਰਮਾਤਮਾਂ ਦੇ ਕੀਤੇ ਉਪਕਾਰ ਦੀ ਸਾਰ ਨਹੀਂ ਜਾਣਦੇ-ਮਨਮੁਖ ਲੂਣ ਹਰਾਮ ਕਿਆ ਨ ਜਾਣਿਆ॥ (੧੪੩)

ਇਹ ਲੋਕ ਹਰੇਕ ਮਹਿਕਮੇ ਵਿੱਚ ਹੀ ਮਿਲ ਜਾਂਦੇ ਨੇ ਜੋ ਦੂਜਿਆਂ ਦੀ ਗੱਲ ਵਧਾ ਚੜ੍ਹਾ ਕੇ ਚੁਗਲੀ ਨਿੰਦਿਆ ਅਤੇ ਹਰਾਮਖੋਰੀ ਕਰਨੋ ਬਾਜ ਨਹੀਂ ਅਉਂਦੇ।ਇਹ ਲੋਕ "ਅੱਗ ਲਾਈ ਤੇ ਡੱਬੂ ਬਨੇਰੇ ਤੇ" ਵਾਂਗ "ਬਲਦੀ ਤੇ ਤੇਲ ਪਾਉਣ" ਵਾਲੇ ਹੁੰਦੇ ਹਨ। ਦੂਜੇ ਦਾ ਚੰਗਾ ਕਾਰੋਬਾਰ ਜਾਂ ਤਰੱਕੀ ਹੁੰਦੀ ਦੇਖ ਕੇ ਜਰ ਨਹੀਂ ਸਕਦੇ ਸੜ ਬਲ ਜਾਂਦੇ ਹਨ। ਹੋਰ ਨਹੀ ਤਾਂ ਦੂਜੇ ਦੇ ਕਸਟਮਰ ਹੀ ਚੋਰੀ ਕਰੀ ਜਾਂਦੇ ਹਨ। ਹੱਥਾਂ ਵਿੱਚ ਗੁਟਕੇ ਤਸਬੀਆਂ ਲੈ ਕੇ ਵੀ ਦੂਜੇ ਦਾ ਹੱਕ ਮਾਰੀ ਜਾਂਦੇ ਹਨ। ਹੱਕ ਮਾਰਨ ਵਾਲੇ ਨੂੰ ਗੁਰੂ ਸਾਹਿਬ ਨੇ ਕਿਹਾ ਹੈ-ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥ਗੁਰ ਪੀਰੁ ਹਾਮਾ ਤਾਂ ਭਰੈ ਜਾਂ ਮੁਰਦਾਰੁ ਨ ਖਇ॥(੧੪੧) ਕੀਤਾ ਨਾ ਜਾਨਣ ਵਾਲਾ (ਸੈਲਫਿਸ਼)-ਮੈ ਕੀਤਾ ਨ ਜਾਤਾ ਹਰਾਮਖੋਰੁ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ॥ (੨੪) ਅਤਿ ਦੀ ਨਿਮਰਤਾ ਭਾਵ ਆਪਾ ਨਾ ਜਨਾਉਣਾ-ਮੈ ਜੇਹਾ ਨ ਹਰਾਮਖੋਰੁ॥ (ਭਾ.ਗੁ-ਵਾਰ-੩੭ ਪਾਉੜੀ-੨੯)

ਇਨ੍ਹਾਂ ਦੀ ਮੁੱਖ ਪਹਿਚਾਣ ਹੈ ਕਿ ਇਹ ਲੋਕ ਬੋਲਦੇ ਵੱਧ ਅਤੇ ਅਮਲ ਘੱਟ ਕਰਦੇ ਹਨ।ਤੁਹਾਡੀਆਂ ਗੱਲਾਂ ਬੜੇ ਮਿੱਠੇ ਪਿਆਰੇ ਹੋ ਕੇ ਸੁਣਦੇ ਅਤੇ ਫਿਰ ਤੁਹਾਡੇ ਹੀ ਵਿਰੁੱਧ ਦੂਜਿਆਂ ਨੂੰ ਮਸਾਲੇ ਲਾ ਲਾ ਕੇ ਭੜਕਾਉਂਦੇ ਹਨ।ਇਹ ਲੋਕ ਪਤੀ ਨੂੰ ਪਤਨੀ, ਭੈਣ ਨੂੰ ਭਰਾ, ਇੱਕ ਘਰ ਨੂੰ ਦੂਜੇ ਘਰ, ਇੱਕ ਪਿੰਡ ਨੂੰ ਦੂਜੇ ਪਿੰਡ, ਇੱਕ ਦੇਸ਼ ਨੂੰ ਦੂਜੇ ਦੇਸ਼ ਇੱਥੋਂ ਤੱਕ ਕਿ ਇੱਕ ਧਰਮ ਨੂੰ ਦੂਜੇ ਧਰਮ ਨਾਲ ਲੜਾ ਦਿੰਦੇ ਹਨ। ਇਨ੍ਹਾਂ ਨੂੰ ਗੁਰਬਾਣੀ ਵਿਖੇ ਚੰਡਾਲ ਚੌਕੜੀ ਵੀ ਕਿਹਾ ਹੈ-ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ॥(੬੦੧)ਸਾਨੂੰ ਅਜਿਹੇ ਲੋਕਾਂ ਦਾ ਸੰਗ ਨਹੀ ਕਰਨਾ ਚਾਹੀਦਾ। ਕਬੀਰ ਸਾਹਿਬ ਵੀ ਫੁਰਮਾਂਦੇ ਹਨ ਕਿ-ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹ ਜਾਈਐ ਭਾਗੁ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥(੧੩੭੧) ਇਸ ਦੇ ਉਲਟ ਭਲੇ ਪੁਰਖਾਂ ਦਾ ਸੰਗ ਕਰਨਾ ਚਾਹੀਦਾ ਹੈ। ਭਲੇ ਪੁਰਖ ਉਹ ਹਨ ਜੋ ਧਰਮ ਦੀ ਕਿਰਤ ਕਰਦੇ, ਵੰਡ ਕੇ ਛੱਕਦੇ ਅਤੇ ਕੇਵਲ ਤੇ ਕੇਵਲ ਰੱਬ ਦਾ ਹੀ ਨਾਮ ਜਪਦੇ ਹਨ ਭਾਵ ਹਰ ਵੇਲੇ ਰੱਬ ਨੂੰ ਯਾਦ ਰੱਖਦੇ ਹਨ ਅਤੇ ਹੋਰਨਾਂ ਨੂੰ ਇਸ ਮਾਰਗ ਤੇ ਚੱਲਣ ਦਾ ਉਪਦੇਸ਼ ਕਰਦੇ ਹਨ। ਸਾਨੂੰ ਕਦੇ ਵੀ ਚੋਲਿਆਂ, ਗੋਲ ਪੱਗਾਂ ਅਤੇ ਚਿੱਟੇ ਤੇ ਭਗਵੇ ਭੇਸ ਵਾਲਿਆਂ ਨੂੰ ਭਲੇ ਪੁਰਖ ਸੰਤ ਨਹੀਂ ਸਮਝ ਲੈਣਾ ਚਾਹੀਦਾ। ਅਜਿਹੇ ਭੇਖੀ-ਲੋਕਾਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨਾ ਨਿੰਦਿਆ ਨਹੀਂ ਸਗੋਂ ਅਸਲੀਅਤ ਦਰਸਾਉਣਾਂ ਹੈ। ਇਹ ਲੋਕ ਹਰਾਮ ਦੀ ਕਮਾਈ ਅਤੇ ਦੂਜਿਆਂ ਦੀ ਕਿਰਤ ਤੇ ਸਦਾ ਟੇਕ ਰੱਖਦੇ ਹਨ। ਅਜਿਹੇ ਪਾਮਰ ਲੋਕਾਂ ਤੋਂ ਸਦਾ ਹੀ ਬਚ ਕੇ ਰਹਿਣਾ ਚਾਹੀਦਾ ਹੈ।

## 786 ਨੰਬਰਾਂ ਵਾਲੇ ਨੋਟ ਇਕੱਠੇ ਕਰਨ ਦਾ ਸ਼ੌਕੀ 'ਜਸਪਾਲ ਸਿੰਘ ਪੂਨੀਆਂ'



ਤਸਵਿੰਦਰ ਸਿੰਘ ਬੜੈਚ
91-98763-22677

ਜਿਲ੍ਹਾ ਮੁਹਾਲੀ ਦੇ ਪਿੰਡ ਮੁੱਲਾਂਪੁਰ ਗਰੀਬਦਾਸ ਦੇ ਵਸਨੀਕ ਜਸਪਾਲ ਸਿੰਘ ਪੂਨੀਆਂ ਨੂੰ 786 ਨੰਬਰ ਵਾਲੇ ਨੋਟ ਇਕੱਠੇ ਕਰਨ ਦਾ ਅਵੱਲੜਾ ਸ਼ੌਕ ਹੈ ਤੇ ਇਸ ਸ਼ੌਕ ਕਾਰਨ ਹੀ ਹੁਣ ਉਸ ਕੋਲ ਹਜ਼ਾਰਾਂ ਨੋਟ ਹਨ। ਸਾਬਕਾ ਅਧਿਆਪਕ ਸਰਦਾਰ ਮੇਵਾ ਸਿੰਘ ਦਾ ਪੁੱਤਰ ਜਸਪਾਲ ਸਿੰਘ ਪੂਨੀਆਂ ਪਿਛਲੇ 22ਸਾਲਾਂ ਤੋਂ ਅਜਿਹੇ ਨੋਟ ਇਕੱਠੇ ਕਰ ਰਿਹਾ ਹੈ। ਹਰ ਵੇਲੇ ਇਕ ਮਿੱਠੀ ਜਿਹੀ ਮੁਸਕਾਣ ਆਪਣੇ ਚਿਹਰੇ 'ਤੇ ਰੱਖਣ ਵਾਲੇ ਇਸ ਸ਼ਖਸ ਕੋਲ ਇਸ ਸਮੇਂ 1000 ਰੁਪਏ ਦੇ ਪੰਜਾਹ ਨੋਟ, 5 ਸੌ ਰੁਪਏ ਦੇ 175 ਨੋਟ, 100 ਰੁਪਏ ਦੇ 105 ਨੋਟ, 50 ਰੁਪਏ ਦੇ 16 ਨੋਟ ਅਤੇ 10 ਰੁਪਏ ਦੇ 6 ਨੋਟ 786 ਨੰਬਰਾਂ ਵਾਲੇ ਹਨ। ਇਸ ਤੋਂ ਇਲਾਵਾ ਉਸਨੇ ਇਕ ਪੰਜ ਸੌ ਰੁਪਏ ਦਾ ਨੋਟ, ਜਿਸ ਦੇ ਅੱਗੇ ਤਿੰਨ ਜੀਰੋ ਅਤੇ ਪਿੱਛੇ 786 ਨੰਬਰ ਹੈ, ਵੀ ਸਾਂਭਿਆ ਹੋਇਆ ਹੈ। ਸਰੀਆਂ, ਸੀਮਿੰਟ, ਬਜਰੀ ਆਦਿ ਵੇਚਣ ਦਾ ਕੰਮ ਕਰਨ ਵਾਲੇ ਇਸ ਸ਼ਖਸ ਦੇ ਅਨਮੋਲ ਖ਼ਜਾਨੇ ਵਿਚ ਇਕ ਅਜਿਹਾ ਸੌ ਦਾ ਨੋਟ ਵੀ ਹੈ ਜਿਸ ਦੇ ਅੱਗੇ ਤੇ ਪਿੱਛੇ 786 ਨੰਬਰ ਹੈ। ਇਸ ਵੇਲੇ ਉਸ ਕੋਲ ਇੱਕ ਲੱਖ ਅਠਤਾਲੀ ਹਜ਼ਾਰ ਛੇ ਸੌ ਸੱਠ ਰੁਪਏ ਦੇ ਨੋਟ ਹਨ। ਇਸ ਵਿਲੱਖਣ ਸ਼ੌਕ ਨੂੰ ਪੂਰਾ ਕਰਨ ਲਈ ਉਸ ਨੂੰ ਸ਼ਖਤ ਮਿਹਨਤ ਕਰਨੀ ਪਈ ਤੇ ਉਸ ਨੇ ਇਨ੍ਹਾਂ ਨੋਟਾਂ ਨੂੰ ਸੰਭਾਲਣ ਦੀ ਕੀਮਤ ਵੀ ਚੁਕਾਈ ਹੈ। ਉਹ ਵੱਡੀ ਤੋਂ ਵੱਡੀ ਲੋੜ ਪੈਣ 'ਤੇ ਵੀ ਇਨ੍ਹਾਂ ਨੋਟਾਂ ਨੂੰ ਖਰਚ ਨਹੀਂ ਕਰਦਾ। ਉਸ ਨੂੰ 786 ਅੰਕ ਵਾਲੇ ਨੋਟ ਇਕੱਠੇ ਕਰਨ ਦਾ ਸ਼ੌਕ 1994 ਵਿਚ ਪਿਆ। 786 ਲੜੀ ਨੰਬਰ ਵਾਲੇ ਨੋਟਾਂ ਨਾਲ ਮੋਹ ਉਦੋਂ ਤੋਂ ਲੈ ਕੇ ਅੱਜ ਤੱਕ ਬਰਕਰਾਰ ਹੈ। ਨੋਟ ਇਕੱਠੇ ਕਰਨ ਦੇ ਸ਼ੌਕ ਸਬੰਧੀ ਉਸ ਨੇ ਦੱਸਿਆ ਕਿ ਉਸ ਨੂੰ 786 ਅੰਕ ਵਾਲੇ ਨੋਟ ਪ੍ਰਾਪਤ ਕਰਨ ਲਈ ਦੇਸ਼ ਦੇ ਕੋਨੇ-ਕੋਨੇ 'ਚ ਜਾਣਾ ਪਿਆ ਹੈ। ਸਰੀਆਂ, ਸੀਮਿੰਟ, ਬਜਰੀ ਦਾ ਕਾਰੋਬਾਰ ਹੋਣ ਕਰ ਕੇ ਵੀ ਜਦ ਲੋਕ ਉਸ ਨੂੰ ਪੈਸੇ ਦਿੰਦੇ ਹਨ ਤਾਂ ਉਹ ਉਨ੍ਹਾਂ ਵਿਚੋਂ ਵੀ 786 ਨੰਬਰ ਵਾਲੇ ਨੋਟ ਸਾਂਭ ਕੇ ਰੱਖ ਲੈਂਦਾ ਹੈ। ਇਸ ਖੇਤਰ 'ਚ ਉਸ ਨੂੰ ਆਪਣੇ ਯਾਰਾਂ-ਦੋਸਤਾਂ ਦਾ ਵੀ ਬੇਹੱਦ ਸਹਿਯੋਗ ਹਾਸਿਲ ਹੈ। ਉਸ ਦੇ ਕਈ ਯਾਰਾਂ-ਦੋਸਤਾਂ ਨੇ ਵੀ ਉਸ ਨੂੰ 786 ਅੰਕ ਵਾਲੇ ਨੋਟ ਇਕੱਠੇ ਕਰਕੇ ਦਿੱਤੇ ਹਨ। ਜਸਪਾਲ ਸਿੰਘ ਪੂਨੀਆਂ ਦਾ ਅੱਗੇ ਕਹਿਣਾ ਹੈ ਕਿ ਇਸ ਸ਼ੌਕ ਵਿਚ ਉਸ ਦੇ ਪਰਿਵਾਰ ਦਾ ਵੀ ਉਸ ਨੂੰ ਪੂਰਾ ਸਹਿਯੋਗ ਹਾਸਿਲ ਹੈ। ਉਹ ਸ਼ੁਕਰਗੁਜਾਰ ਹੈ ਆਪਣੇ ਪੂਰੇ ਪਰਿਵਾਰ ਤੇ ਦੋਸਤਾਂ-ਮਿੱਤਰਾਂ ਦਾ ਜਿਨ੍ਹਾਂ ਨੇ ਇਹ ਨੋਟ ਇਕੱਠੇ ਕਰਨ 'ਚ ਉਸ ਦਾ ਸਾਥ ਦਿੱਤਾ।

786 ਨੰਬਰ ਵਾਲੇ ਨੋਟ ਇਕੱਤਰ ਕਰਕੇ ਅਨੋਖੇ ਢੰਗ ਦਾ ਸ਼ੌਕ ਪਾਲਣ ਵਾਲੇ ਜਸਪਾਲ ਸਿੰਘ ਪੂਨੀਆਂ ਲਈ ਹੁਣ ਇਹ ਸ਼ੌਕ ਜਨੂੰਨ ਬਣ ਗਿਆ ਹੈ। ਸਰੀਏ, ਸੀਮਿੰਟ ਤੇ ਬਜਰੀ ਦਾ ਕਾਰੋਬਾਰ ਕਰਨ ਦੇ ਨਾਲ-ਨਾਲ ਉਹ ਇਸ ਸ਼ੌਕ ਨੂੰ ਵੀ ਅੱਗੇ ਵਧਾ ਰਿਹਾ ਹੈ। ਜਸਪਾਲ ਸਿੰਘ ਪੂਨੀਆਂ ਨੇ ਅੱਗੇ ਦੱਸਿਆ ਕਿ 786 ਅੰਕ 'ਤੇ ਕਈ ਫਿਲਮਾਂ ਵੀ ਬਣਾਈਆਂ ਗਈਆਂ ਹਨ। ਜਿਸ ਵਿਚ ਇਸ ਅੰਕ ਦੀ ਮਹੱਤਤਾ ਬਾਰੇ ਲੋਕਾਂ ਨੇ ਕਾਫੀ ਗਿਆਨ ਹਾਸਲ ਕੀਤਾ ਹੈ। 786 ਅੰਕ ਦੀ



ਲੋਕਪ੍ਰਿਯਤਾ ਇੰਨੀ ਵੱਧ ਗਈ ਹੈ ਕਿ ਮੁਸਲਮਾਨਾਂ ਦੇ ਨਾਲ-ਨਾਲ ਹੋਰ ਧਰਮਾਂ ਨਾਲ ਸਬੰਧਤ ਲੋਕ ਵੀ ਇਸ ਨੰਬਰ ਨੂੰ ਸ਼ੁਭ ਮੰਨਣ ਲੱਗੇ ਹਨ। ਅੱਜ ਕੱਲ੍ਹ ਪਿੰਡ ਮੁੱਲਾਂਪੁਰ ਗਰੀਬਦਾਸ ਵਿਖੇ ਆਪਣੇ ਪਰਿਵਾਰ ਨਾਲ ਜ਼ਿੰਦਗੀ ਦੇ ਪਲ ਸਾਂਝੇ ਕਰ ਰਹੇ ਜਸਪਾਲ ਸਿੰਘ ਪੂਨੀਆਂ ਅਨੁਸਾਰ ਉਹ ਨਾ ਹੀ ਕਿਸੇ ਨਾਲ ਕੋਈ ਸਮਝੋਤਾ ਕਰੇਗਾ ਤੇ ਨਾ ਹੀ ਕਿਸੇ ਕੀਮਤ 'ਤੇ ਇਨ੍ਹਾਂ ਨੋਟਾਂ ਨੂੰ ਵੇਚੇਗਾ।

## ਦਿੱਲੀ ਕਮੇਟੀ ਚੋਣਾਂ- ਸਿੱਖੀ ਪ੍ਰਤੀ ਸਮਰਪਿਤ ਉਮੀਦਵਾਰਾਂ ਦਾ ਹੀ ਸਮਰਥਨ - ਪੰਥਕ ਫੋਰਮ

**ਨਵੀਂ ਦਿੱਲੀ-** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਆਪਣੀ ਰਣਨੀਤੀ ਘੜਨ ਤੇ ਉਸ ਪੁਰ ਅਮਲ ਸੰਬੰਧੀ ਵਿਚਾਰ ਕਰਨ ਲਈ ਅੱਜ ਇੱਥੇ ਆਲ ਇੰਡੀਆ ਪੰਥਕ ਫੋਰਮ ਦੀ ਇੱਕ ਉਚੇਚੀ ਬੈਠਕ ਫੋਰਮ ਦੇ ਪ੍ਰਧਾਨ ਡਾ. ਹਰਮੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਫੋਰਮ ਦੇ ਸੀਨੀਅਰ ਮੁੱਖੀਆਂ ਸ. ਪ੍ਰਿਤਪਾਲ ਸਿੰਘ ਕਪੂਰ, ਸ. ਕੁਲਬੀਰ ਸਿੰਘ ਅਤੇ ਸ. ਬਲਦੇਵ ਸਿੰਘ ਗੁਜਰਾਲ ਸਹਿਤ ਦਿੱਲੀ ਦੇ ਵੱਖ-ਵੱਖ ਹਿਸਿਆਂ ਵਿਚਲੇ ਫੋਰਮ ਦੇ ਪ੍ਰਤੀਨਿਧੀ ਸ਼ਾਮਲ ਹੋਏ। ਬੈਠਕ ਵਿੱਚ ਦਿੱਲੀ ਗੁਰਦੁਆਰਾ ਚੋਣਾਂ ਲਈ ਨਾਮਜ਼ਦਗੀਆਂ ਦਾ ਕਾਰਜ ਪੂਰਿਆਂ ਹੋ ਜਾਣ ਤੋਂ ਬਾਅਦ ਉਭਰੇ ਹਾਲਾਤ ਪੁਰ ਗੰਭੀਰ ਅਤੇ ਲੰਬਾ ਵਿਚਾਰ-ਵਟਾਂਦਰਾ ਕੀਤਾ ਗਿਆ। ਬੈਠਕ ਵਿੱਚ ਹੋਈ ਕਾਰਵਾਈ ਦੀ ਜਾਣਕਾਰੀ ਦਿੰਦਿਆਂ ਦਸਿਆ ਗਿਆ ਕਿ ਇਸ ਬੈਠਕ ਵਿੱਚ ਗੰਭੀਰ ਵਿਚਾਰ-ਵਟਾਂਦਰੇ ਤੋਂ ਬਾਅਦ ਸਰਬ-ਸੰਮਤੀ ਨਾਲ ਫੈਸਲਾ ਕੀਤਾ ਗਿਆ ਹੈ ਕਿ ਫੌਰਮ ਵਲੋਂ ਇਨ੍ਹਾਂ ਚੋਣਾਂ ਵਿੱਚ ਕਿਸੇ ਪਾਰਟੀ ਵਿਸ਼ੇਸ਼ ਦਾ ਸਮਰਥਨ ਕਰਨ ਦੀ ਬਜਾਏ, ਰਾਜਨੀਤਕ ਅਤੇ ਧੜੇ-ਬੰਦੀ ਦੀ ਸੋਚ ਤੋਂ ਉਪਰ ਉਠ, ਕੇਵਲ ਉਨ੍ਹਾਂ ਉਮੀਦਵਾਰਾਂ ਦਾ ਸਮਰਥਨ ਕੀਤਾ ਜਾਇਗਾ, ਜੋ ਪੰਥਕ ਸੋਚ ਦੇ ਧਾਰਨੀ ਅਤੇ ਸਿੱਖੀ ਦੀਆਂ ਸਥਾਪਤ ਮਾਨਤਾਵਾਂ ਤੇ ਮਰਿਆਦਾਵਾਂ ਦੀ ਰਖਿਆ ਪ੍ਰਤੀ ਸਮਰਪਿਤ ਹੋਚ ਦੇ ਨਾਲ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਅਧੀਨ ਚਲ ਰਹੀਆਂ ਵਿਦਿਅਕ ਸੰਸਥਾਵਾਂ ਦਾ ਪ੍ਰਬੰਧ ਸੁਧਾਰਨ ਅਤੇ ਉਨ੍ਹਾਂ ਵਿੱਚ ਦਿੱਤੀ ਜਾ ਰਹੀ ਸਿਖਿਆ ਦਾ ਪੱਧਰ ਉਚਿਆਣ ਪ੍ਰਤੀ ਵਚਨਬੱਧ ਹੋਣਗੇ, ਭਾਵੇਂ ਉਨ੍ਹਾਂ ਦਾ ਸੰਬੰਧ ਕਿਸੇ ਵੀ ਪਾਰਟੀ ਜਾਂ ਧੜੇ ਨਾਲ ਹੋਵੇ। ਦਿੱਲੀ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਆਰ ਐਸ ਸੋਢੀ ਨੇ ਇੱਕ ਵਖਰੇ ਬਿਆਨ ਵਿੱਚ ਕਿਹਾ ਕਿ ਇਹ ਗਲ ਬਹੁਤ ਹੀ ਦੁਖ ਅਤੇ ਅਫਸੋਸ ਦੀ ਹੈ ਕਿ ਇੱਕ ਸਰਵੁਚ ਧਾਰਮਕ ਸਿੱਖ ਸੰਸਥਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਧਾਰਮਕ ਮਾਨਤਾਵਾਂ ਤੇ ਪਰੰਪਰਾਵਾਂ ਨੂੰ ਮੁੱਖ ਰਖ ਕੇ ਲੜਿਆਂ ਜਾਣ ਦੀ ਬਜਾਏ ਰਾਜਨੈਤਿਕ ਧੜੇ-ਬੰਦੀ ਅਤੇ ਸੋਚ ਦੇ ਅਧਾਰ 'ਤੇ ਲੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸਤੋਂ ਵੀ ਬੱਧ ਦੁਖਦਾਈ ਗਲ ਇਹ ਹੈ ਕਿ ਇਹ ਚੋਣਾਂ ਲੜ ਰਹੇ ਉਮੀਦਵਾਰਾਂ ਵਿਚੋਂ ਬਹੁਤੇ ਇਹ ਝੂਠ ਬੋਲ ਕਿ ਉਹ ਇਨ੍ਹਾਂ ਚੋਣਾਂ ਨੂੰ ਲੜਨ ਦੇ ਅਧਿਕਾਰੀ ਹੋਣ ਵਜੋਂ ਨਿਸ਼ਚਤ ਧਾਰਮਕ ਮਾਨਤਾਵਾਂ ਦਾ ਪਾਲਣ ਕਰਦੇ ਹਨ ਅਤੇ ਮਰਿਆਦਾ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਨਹੀਂ ਕਰਦੇ। ਉਨ੍ਹਾਂ ਪੁਛਿਆ ਕਿ ਕੀ ਅਜਿਹੇ ਵਿਅਕਤੀ ਗੁਰਦੁਆਰਾ ਚੋਣ ਜਿੱਤ, ਗੁਰਦੁਆਰਾ ਪ੍ਰਬੰਧ ਵਿੱਚ ਸਿੱਖੀ ਦੀਆਂ ਸਥਾਪਤ ਮਰਿਆਦਾਵਾਂ ਅਤੇ ਪਰੰਪਰਾਵਾਂ ਦੀ ਰਖਿਆ ਪ੍ਰਤੀ ਈਮਾਨਦਾਰ ਹੋ ਸਕਣਗੇ?

(ਰਿਪੋਰਟ- ਜਸਵੰਤ ਸਿੰਘ ਅਜੀਤ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਟਰੰਪ ਦੇ ਨਵੇਂ ਸੈਨੇਟ ਬਿਲ ਨਾਲ ਕਾਨੂੰਨਨ ਇੰਮੀਗ੍ਰੇਸ਼ਨ ਅੱਧੀ ਰਹਿ ਜਾਵੇਗੀ

## ਕਈ ਪਰਿਵਾਰ ਆਧਾਰਿਤ ਵੀਜ਼ਾ ਸ਼੍ਰੇਣੀਆਂ ਖਤਮ ਹੋ ਜਾਣਗੀਆਂ

**ਕੈਲੀਫੋਰਨੀਆ- (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵਲੋਂ ਨਵੇਂ ਸੈਨੇਟ ਬਿਲ ਦੀ ਤਿਆਰੀ ਕੀਤੀ ਜਾ ਰਹੀ ਹੈ ਜਿਸ ਨਾਲ ਗਰੀਨ ਕਾਰਡ ਵਾਲਿਆਂ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਸ ਨੂੰ ਲੈਕੇ ਅਮਰੀਕਾ ਵਿਚ ਬਹੁ ਗਿਣਤੀ ਵਿਚ ਰਹਿੰਦੇ ਗਰੀਨ ਕਾਰਡ ਹੋਲਡਰ ਭਾਰਤੀਆਂ ਵਿਚ ਭਾਰੀ ਚਿੰਤਾ ਪੈਦਾ ਹੋ ਗਈ ਹੈ। ਇਸ ਦੇ ਨਾਲ ਹੀ ਇਸ ਬਿਲ ਨਾਲ ਇਮੀਗ੍ਰੇਸ਼ਨ ਅੱਧੀ ਰਹਿ ਜਾਵੇਗੀ ਤੇ ਕਈ ਪਰਿਵਾਰ ਆਧਾਰਿਤ ਵੀਜ਼ਿਆਂ ਦੀਆਂ ਸ੍ਰੇਣੀਆਂ ਵੀ ਖਤਮ ਹੋ ਜਾਣਗੀਆਂ। ਏਸ਼ੀਅਨ ਲਾਅ ਸਮੂਹ ਦੇ ਭਾਰਤੀ ਅਮਰੀਕੀ ਸੀਨੀਅਰ ਸਟਾਫ ਅਟਾਰਨੀ ਅਨੂਪ ਪ੍ਰਸਾਦ ਨੇ ਕਿਹਾ ਕਿ ਇਸ ਤੋਂ ਸਪਸ਼ਟ ਹੈ ਕਿ ਉਹ ਨਸਲਵਾਦ ਅਤੇ ਗੋਰੇ ਰਾਸ਼ਟਰਵਾਦ ਨੂੰ ਬੜਾਵਾ ਦੇਣਾ ਚਾਹੁੰਦੇ ਹਨ। ਬੀਤੀ 7 ਫਰਵਰੀ ਨੂੰ ਪੇਸ਼ ਕੀਤੇ ਗਏ ਇਸ ਬਿਲ ਦੇ ਪਾਸ ਹੋ ਜਾਣ ਨਾਲ ਅਮਰੀਕੀ ਨਾਗਰਿਕਾਂ ਖਾਸ ਕਰਕੇ ਭਾਰਤੀ ਅਮਰੀਕੀਆਂ ਦੇ ਬਜ਼ੁਰਗ ਮਾਪਿਆਂ ਨੂੰ ਦਿੱਤੀ ਜਾਣ ਵਾਲੀ ਤਰਜੀਹ ਖਤਮ ਹੋ ਜਾਵੇਗੀ ਭਾਵ ਕਿ ਉਹ ਆਪਣੇ ਬਜ਼ੁਰਗ ਮਾਪਿਆਂ ਨੂੰ ਅਮਰੀਕਾ ਵਿਚ ਨਹੀਂ ਬੁਲਾ ਸਕਣਗੇ। ਪਰ ਅਮਰੀਕੀ ਨਾਗਰਿਕਾਂ ਲਈ ਇਕ ਛੋਟ ਹੋਵੇਗੀ ਕਿ ਉਨ੍ਹਾਂ ਦੇ ਮਾਪਿਆਂ ਨੂੰ ਆਰਜ਼ੀ ਦੋ ਸਾਲ ਦਾ ਵੀਜ਼ਾ ਦਿੱਤਾ ਜਾਵੇਗਾ ਇਸ ਸ਼ਰਤ ’ਤੇ ਕਿ ਉਹ ਇਥੇ ਕੰਮ ਨਹੀਂ ਕਰਨਗੇ ਤੇ ਕੋਈ ਵੀ ਸਰਕਾਰੀ ਲਾਭ ਨਹੀਂ ਲੈਣਗੇ। ਇਸ ਤਰਾਂ ਨਾਲ ਅਮਰੀਕਾ 1965 ਵਾਲੇ ਇਮੀਗ੍ਰੇਸ਼ਨ ਸਿਸਟਮ ਦੇ ਦੌਰ ਵਿਚ ਚਲਾ ਜਾਵੇਗਾ ਜਿਸ ਵਿਚ ਇਸ ਲਈ ਸੁਧਾਰ ਕੀਤਾ ਗਿਆ ਸੀ ਕਿ ਉਹ ਨਸਲਵਾਦੀ ਸੀ, ਗੋਰਿਆਂ ਦੀ ਪ੍ਰੋੜਤਾ ਵਾਲਾ ਸੀ ਜਿਸ ਵਿਚ ਏਸ਼ਿਆਈ ਤੇ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਲਈ ਕੋਈ ਥਾਂ ਨਹੀਂ ਸੀ। ਹਾਲਾਂਕਿ ਇਸ ਬਿਲ ਨੂੰ ਅਜੇ ਪੇਸ਼ ਨਹੀਂ ਕੀਤਾ ਗਿਆ ਹੈ ਪਰ ਇਸ ਦੀ ਤਜਵੀਜ ਜਰੂਰ ਹੈ। ਇਸ ਬਿਲ ਦ ਕਾਪੀ ਤਾਂ ਨਹੀਂ ਅਜੇ ਜਾਰੀ ਕੀਤੀ ਗਈ ਪਰ ਸੈਨੇਟਰਾਂ ਨੇ ਆਪਣੀ ਤਜਵੀਜ ਜਾਰੀ ਕੀਤੀ ਸੀ। ਰੇਜ਼ ਐਕਟ ਦੇ ਨਾਂਅ ਵਾਲੇ ਇਸ ਬਿਲ ਵਿਚ ਅਮਰੀਕੀ ਨਾਗਰਿਕਾਂ ਅਤੇ ਕਾਨੂੰਨਨ ਸਥਾਈ ਵਾਸੀਆਂ ਦੀਆਂ ਪਤਨੀਆਂ ਅਤੇ ਨਾਬਾਲਗ ਬੱਚਿਆਂ ਨੂੰ ਤਰਜੀਹ ਦਿੱਤੀ ਜਾਵੇਗੀ ਪਰ ਇਸ ਵਿਚ ਅਮਰੀਕੀ ਨਾਗਰਿਕਾਂ ਦੇ ਬਜ਼ੁਰਗ ਮਾਪਿਆਂ ਸਮੇਤ ਬਾਲਗ ਪਰਿਵਾਰਕ ਮੈਂਬਰਾਂ, ਭੈਣ ਭਰਾ, ਵਿਆਹੇ ਅਤੇ ਅਣਵਿਆਹੇ ਬਾਲਗ ਬਚਿਆਂ ਅਤੇ ਕਾਨੂੰਨਨ ਸਥਾਈ ਵਾਸੀਆਂ ਦੇ ਅਣਵਿਆਹੇ ਬਾਲਗ ਬਚਿਆਂ ਲਈ ਵੀਜ਼ਾ ਤਰਜੀਹ ਖਤਮ ਹੋ ਜਾਵੇਗੀ। ਸੈਨੇਟਰਾਂ ਅਨੁਸਾਰ ਸਾਲ 2015 ਵਿਚ ਦਸ ਲੱਖ ਕਾਨੂੰਨਨ ਪ੍ਰਵਾਸੀ ਅਮਰੀਕਾ ਵਿਚ ਆਏ ਸਨ। ਇਸ ਰੇਜ਼ ਐਕਟ ਨਾਲ ਪਹਿਲੇ ਸਾਲ ਵਿਚ ਵੀਜ਼ੇ ਵਿਚ 41 ਫੀਸਦੀ ਦੀ ਕਟੌਤੀ ਹੋ ਜਾਵੇਗੀ ਜਿਸ ਦੀ ਗਿਣਤੀ ਘੱਟ ਕੇ 6,38000 ਦੇ ਕਰੀਬ ਰਹਿ ਜਾਵੇਗੀ ਅਤੇ ਦਸਵੇਂ ਸਾਲ ਤੱਕ ਇਹ ਕਟੌਤੀ ਵੱਧ ਕੇ 50 ਫੀਸਦੀ ਹੋ ਜਾਵੇਗੀ ਜੋ ਕਿ 500000 ਤੋਂ ਥੋੜਾ ਵੱਧ ਹੋਵੇਗੀ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਅਸੀ ਇਹ ਇਸ ਲਈ ਕਰ ਰਹੇ ਹਾਂ ਤਾਂ ਜੋ ਸਹੀ ਹੁਨਰਬਾਜ਼ਾਂ ਨੂੰ ਵੱਧ ਤੋਂ ਵੱਧ ਨੌਕਰੀਆਂ ਮਿਲਣ ਜਦ ਕਿ ਪਹਿਲਾਂ ਅਮਰੀਕੀ ਲੋਕਾਂ ਨੂੰ ਬਹੁਤ ਘੱਟ ਨੌਕਰੀ ਮਿਲਦੀ ਹੈ ਤੇ ਜਿਆਦਾਤਰ ਨੌਕਰੀਆਂ ਪ੍ਰਵਾਸੀ ਲੋਕਾਂ ਕੋਲ ਹੀ ਹਨ। ਭਾਰਤੀਆਂ ਦਾ ਮੰਨਣਾ ਹੈ ਕਿ ਟਰੰਪ ਅਜਿਹਾ ਕਰਕੇ ਪ੍ਰਵਾਸੀਆਂ ਖਾਸ ਕਰਕੇ ਭਾਰਤੀਆਂ ਅਮਰੀਕੀਆਂ ਨੂੰ ਡਰਾਉਣ ਦਾ ਯਤਨ ਕਰ ਰਿਹਾ ਹੈ।

# ਏਜੀਪੀਸੀ ਨੇ ਯੂ. ਐਸ. ਸੀ. ਆਈ. ਆਰ. ਐਫ਼ ਵੱਲੋਂ ਭਾਰਤ ’ਚ ਧਾਰਮਿਕ ਸਹਿਣਸ਼ੀਲਤਾ ਦੇ ਨਿਘਾਰ ਸਬੰਧੀ ਰਿਪੋਰਟ ਦਾ ਕੀਤਾ ਸਵਾਗਤ

**ਸਨ ਫਰਾਂਸਿਸਕੋ (ਹੁਸਨ ਲੜੋਆ ਬੰਗਾ)-** ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਅਮਰੀਕਾ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜਿਅਸ ਫ਼ਰੀਡਮ (ਯੂ. ਐਸ. ਸੀ. ਆਈ. ਆਰ. ਐਫ਼) ਵੱਲੋਂ ਭਾਰਤ ’ਚ ਧਾਰਮਿਕ ਸਹਿਨਸ਼ੀਲਤਾ ਦੇ ਵੱਧਦੇ ਨਿਘਾਰ ਸਬੰਧੀ ਪੇਸ਼ ਕੀਤੀ ਗਈ ਰਿਪੋਰਟ ਦਾ ਸਵਾਗਤ ਕੀਤਾ ਹੈ। ਇਸ ਰਿਪੋਰਟ ’ਚ ਅਧਿਐਨ ਉਪਰੰਤ ਭਾਰਤ ’ਚ ਧਾਰਮਿਕ ਸਹਿਨਸ਼ੀਲਤਾ ਦੇ ਵਿਗੜਦੇ ਸਰੂਪ ਨੂੰ ਉਜਾਗਰ ਕੀਤਾ ਗਿਆ ਹੈ।

ਰਿਪੋਰਟ ਅਨੁਸਾਰ ਭਾਰਤ ’ਚ ਧਾਰਮਿਕ ਘੱਟ ਗਿਣਤੀਆਂ ’ਤੇ ਅਤਿਆਚਾਰਾਂ ਅਤੇ ਹਿੰਸਕ ਘਟਨਾਵਾਂ ਸਬੰਧੀ ਵਿਸਥਾਰਪੂਰਵਕ ਅਧਿਐਨ ਕੀਤਾ ਗਿਆ ਹੈ। ਜਿਸ ’ਚ ਭਾਰਤ ਵਿੱਚ ਸੰਵਿਧਾਨਿਕ ਅਤੇ ਕਾਨੂੰਨੀ ਚੁਣੌਤੀਆਂ ਸਬੰਧੀ ਜਾਣਕਾਰੀਆਂ ਮੁਹੱਈਆ ਕਰਦਿਆਂ ਘੱਟ ਗਿਣਤੀ ਭਾਈਚਾਰੇ ਅਤੇ ਦਲਿਤ ਆਦਿ ਦੀ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੀ ਪਰਖ ਕਰਦਿਆਂ ਇਨ੍ਹਾਂ ’ਤੇ ਵੱਧਦੇ ਹਿੰਸਾ ਦੀਆਂ ਘਟਨਾਵਾਂ ਸਬੰਧੀ ਚਿੰਤਾ ਜਤਾਈ ਗਈ ਹੈ। ਇਹ ਰਿਪੋਰਟ ਕਰਾਮਾਤ ਚੀਮਾ ਦੁਆਰਾ ਲਿਖੀ ਗਈ ਹੈ, ਜਿਸ ’ਚ ਚੀਮਾ ਜੋ ਕਿ ਲੀਡਰਸ਼ਿਪ ਅਤੇ ਕਮਿਊਨਿਟੀ ਵਿਕਾਸ ਇੰਸਟੀਚਿਊਟ, ਇੰਗਲੈਂਡ ’ਚ ਡਾਇਰੈਕਟਰ ਹਨ, ਨੇ ਨਾਗਰਿਕਾਂ ਦੇ ਮੁੱਢਲੇ



ਅਧਿਕਾਰਾਂ ਦੀ ਗੱਲ ਜ਼ੋਰਦਾਰ ਤਰੀਕੇ ਨਾਲ ਉਜਾਗਰ ਕੀਤੀ। ਏਜੀਪੀਸੀ ਦੇ ਪ੍ਰਧਾਨ ਜੇ. ਐਸ. ਹੋਠੀ ਅਤੇ ਕੋਆਰਡੀਨੇਟਰ ਪ੍ਰਿਤਪਾਲ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਧਾਰਮਿਕ ਸਹਿਣਸ਼ੀਲਤਾ ’ਚ ਨਿਘਾਰ ਆਇਆ ਹੈ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਸਬੰਧੀ ਭਾਰਤ ਦੇ ਕਈ ਖੇਤਰਾਂ ’ਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਰਿਪੋਰਟ ਨਾਲ ਉਨ੍ਹਾਂ ਦੇ ਵਿਚਾਰ ਕਿ ਭਾਰਤ ’ਚ ਘੱਟ ਗਿਣਤੀਆਂ ਦੇ ਮੁੱਢਲੇ ਅਧਿਕਾਰ ਸੁਰੱਖਿਅਤ ਨਹੀਂ ਹੈ, ਨੂੰ ਬੱਲ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਸਰਕਾਰ ਨੂੰ ਭਾਰਤ ਸਰਕਾਰ ’ਤੇ ਦਬਾਉ ਪਾਉਣਾ ਚਾਹੀਦਾ ਹੈ ਕਿ ਉਹ ਸੰਵਿਧਾਨਕ ਵਚਨਬੱਧਤਾ ਅਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਸਬੰਧੀ ਕਾਨੂੰਨਾਂ ਦੀ ਪਾਲਣਾ ਕਰੇ। ਫਰੈਂਡਸ ਆਫ਼ ਸਿੱਖ ਕਾਂਗਰੇਸਸ਼ਨਲ ਕਾਕਸ ਦੇ ਪ੍ਰਧਾਨ ਸ: ਹਰਪ੍ਰੀਤ ਸਿੰਘ ਸੰਧੂ ਨੇ ਵੀ ਇਸ ਅਧਿਐਨ ਸਬੰਧੀ ਰਿਪੋਰਟ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਵੀ ਟਾਮ ਲੈਂਟਸ ਕਮਿਸ਼ਨ ਆਫ਼ ਹਿਊਮਨ ਰਾਈਟਸ ਦੀ ਸੁਣਵਾਈ ਕਰਵਾਈ ਗਈਸੀ, ਜਿਸ ’ਚ ਇਸੇ ਤਰ੍ਹਾਂ ਹੀ ਭਾਰਤ ਵਿਚ ਧਾਰਮਿਕ ਆਜ਼ਾਦੀ ਨੂੰ ਖ਼ਤਰਿਆਂ ਸਬੰਧੀ ਖਦਸ਼ੇ ਪ੍ਰਗਟ ਕੀਤੇ ਗਏ ਸਨ।

# ਅਮਰੀਕਨ ਸਿੱਖ ਜਥੇਬੰਦੀ ਵੱਲੋਂ ਸ੍ਰੀ ਬਾਦਲ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

## ਸਿਆਸੀ ਮੰਤਵਾਂ ਲਈ ਧਰਮ ਦੀ ਦੁਰਵਰਤੋਂ ਅਤੇ ਪੰਥਕ ਮੁੱਦੇ ਵਿਸਾਰਨ ਕਰਕੇ ਸਖਤ ਰੋਸ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)** ਇਸ ਨੂੰ ਅਮਰੀਕਨ ਪ੍ਰਵਾਸੀ ਸਿੱਖਾਂ ਦੇ ਗੁੱਸੇ ਦਾ ਸਿਖਰ ਹੀ ਕਿਹਾ ਜਾਵੇਗਾ ਕਿ ਉਹ ਹੁਣ ਆਪਦੇ ਇਲਾਜ ਲਈ ਅਮਰੀਕਾ ਆ ਰਹੇ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਮੁਜ਼ਾਹਰੇ ਕਰਨ ਦੀਆਂ ਯੋਜਨਾਵਾਂ ਬਣਾ ਰਹੇ ਹਨ। ਹੁਣੇ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਦੀ ਅਣਦੇਖੀ ਕਰਦਿਆਂ ਬਾਦਲ ਦਲ ਵੱਲੋਂ ਸਿਰਸਾ ਡੇਰੇ ਦੀ ਹਮਾਇਤ ਲੈਣ ਕਾਰਨ ਗੁੱਸੇ ’ਚ ਭਰੇ ਪੀਤੇ ਪਏ ਅਮਰੀਕਾ ਦੇ ਈਸਟ ਕੌਸਟ ਖਿੱਤੇ ਦੇ ਸਿੱਖਾਂ ਨੇ ਇਕ ਹੰਗਾਮੀ ਮੀਟਿੰਗ ਕੀਤੀ। ਇਸ ਖਿੱਤੇ ਵਿਚਲੇ ਕਈ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਧਾਰਮਿਕ ਜਥੇਬੰਦੀਆਂ ਅਤੇ ਸਥਾਨਕ ਪੰਜਾਬੀ ਆਗੂਆਂ ਦੀ ਭਰਵੀਂ ਸ਼ਮੂਲੀਅਤ ਵਾਲੀ ਇਸ ਮੀਟਿੰਗ ਵਿਚ ਪੰਥ ਅਤੇ ਪੰਜਾਬ ਨਾਲ ਸਬੰਧਤ ਮੁੱਦਿਆਂ ਬਾਰੇ ਕੁਝ ਮਤੇ ਪਾਸ ਕੀਤੇ ਗਏ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ ਆਫ ਯੂ. ਐਸ. ਏ. ਦੇ ਥਾਪੇ ਗਏ ਕੋਆਡੀਨੇਟਰ ਸ. ਹਿੰਮਤ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਪ੍ਰਕਾਸ਼ ਸਿੰਘ ਬਾਦਲ ਸਰੀਰਕ ਇਲਾਜ ਕਰਾਉਣ ਜੀ ਸਦਕੇ ਇੱਥੇ ਆਉਣ, ਪਰ ਜੇ ਉਹਨਾਂ ਨੇ ਇੱਥੇ ਕਿਸੇ ਜਨਤਕ ਸਮਾਗਮ ਵਿਚ ਹਿੱਸਾ ਲਿਆ ਤਾਂ ਪ੍ਰਵਾਸੀ ਸਿੱਖਾਂ ਵੱਲੋਂ ਉਨ੍ਹਾਂ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਬਜ਼ੁਰਗ ਆਗੂ ਦੇ ਵਿਰੋਧ ਦਾ ਕਾਰਨ ਗਰਦਾਨਦਿਆਂ ਸ. ਹਿੰਮਤ ਸਿੰਘ ਨੇ ਕਿਹਾ ਕਿ 2007 ਵਿਚ ਜਦੋਂ ਸਿਰਸਾ ਡੇਰੇ ਵਾਲਿਆਂ ਕਾਂਗਰਸ ਦੀ ਸਪੋਰਟ ਕਰ ਦਿੱਤੀ



ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਹਮੇਸ਼ਾ ਆਪਣੇ ਸੌੜੇ ਸਿਆਸੀ ਮੰਤਵਾਂ ਦੀ ਪੂਰਤੀ ਲਈ ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰੱਜ ਕੇ ਦੁਰਵਰਤੋਂ ਕੀਤੀ ਹੈ। ਤਾਜ਼ੀ ਦੁਰਵਰਤੋਂ ਨੂੰ ਹੱਦ ਸਿਰੇ ਦੀ ਮਕਾਰੀ ਤਾਂ ਸ੍ਰੀ ਬਾਦਲ ਨੇ ਉਸ ਡੇਰੇ ਦੇ ਪੈਰੋਕਾਰਾਂ ਖਿਲਾਫ ਹਰ ਤਰ੍ਹਾਂ ਦੇ ਬਾਈਕਾਟ ਦਾ ਹੁਕਮਨਾਮਾ ਜਾਰੀ ਕਰਵਾ ਦਿੱਤਾ।

ਪ੍ਰੰਤੂ ਹੁਣੇ ਹੋਈਆਂ ਵਿਧਾਨ ਸਭਾਈ ਚੋਣਾਂ ਵਿਚ ਸਿਰਸਾ ਡੇਰੇ ਦੀ ਹਮਾਇਤ ਲੈਣ ਵਾਸਤੇ ਅਗਾਊਂ ਗੋਂਦਾਂ ਗੁੰਦਦਿਆਂ ਬਾਦਲ ਦਲ ਨੇ ਪਿਛਲੇ ਸਾਲ ਸਤੰਬਰ ਵਿਚ ਫਰਜ਼ੀ ਮੁਆਫੀਨਾਮੇ ਦੇ ਸਟੰਟ ਰਚ ਕੇ ਸੌਦਾ ਸਾਧ ਨੂੰ ਮੁਆਫੀ ਦੇ ਦਿੱਤੀ। ਸਾਰੇ ਸਿੱਖ ਜਗਤ ਵਿਚ ਤੂਫਾਨ ਖੜ੍ਹਾ ਹੋਣ ਕਰਕੇ ਮੁਆਫੀਨਾਮਾ ਰੱਦ ਕਰਵਾ ਦਿੱਤਾ।

ਹੁਣ ਅੱਤ ਕਰਦਿਆਂ, ਹੁਕਮਨਾਮਿਆਂ ਨੂੰ ’ਰੱਬੀ ਹੁਕਮ’ ਪ੍ਰਚਾਰਨ ਵਾਲੇ ਬਾਦਲ ਦਲ ਨੇ ਆਪਣੇ ਸੀਨੀਅਰ ਆਗੂ ਸਿਰਸਾ ਡੇਰੇ ਭੇਜ ਦਿੱਤੇ। ਇਸ ਕਲੰਕ ਨੂੰ ਧੋਣ ਲਈ ਹੁਣ ਫਿਰ ਸ਼੍ਰੋਮਣੀ ਕਮੇਟੀ ਦੇ ’ਪਾਤਰਾਂ’ ਰਾਹੀਂ ’ਨਾਟਕ’ ਕਰਵਾਏ ਜਾ ਰਹੇ ਹਨ।

ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਨੂੰ ਭੁਲਾਉਣ ਵਰਗੇ ਕਈ ਪੁਰਾਣੇ ਤੇ ਨਵੇਂ ਪੰਥਕ ਮੁੱਦਿਆਂ ਦੀ ਯਾਦ ਦਿਲਾਉਂਦਿਆਂ ਸ. ਹਿੰਮਤ ਸਿੰਘ ਨੇ ਦਿੱਲੀ ਦੇ ਸਿੱਖ ਭਰਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹੋ ਰਹੀਆਂ ਚੋਣਾਂ ਵਿਚ ਬਾਦਲ ਦਲ ਦੇ ਹਮਾਇਤੀਆਂ ਨੂੰ ਮੂੰਹ ਨਾ ਲਾਉਣ ਸਗੋਂ ਯੋਗ ਪੰਥਕ ਉਮੀਦਵਾਰਾਂ ਨੂੰ ਹੀ ਵੋਟ ਦੇਣ। ਇਸ ਮੌਕੇ ਉਨ੍ਹਾਂ ਦੇ ਨਾਲ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨ ਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਉ ਤੋਂ ਇਲਾਵਾ ਹੋਰ ਵੀ ਸਥਾਨਕ ਆਗੂ ਹਾਜ਼ਰ ਸਨ।

# ਕੈਲੀਫੋਰਨੀਆ ਦੇ ਪਹਿਲੇ ਅਸੈਂਬਲੀ ਮੈਨ ਐਸ ਕਾਲੜਾ ਦਾ ਸੈਕਰਾਮੈਂਟੋ ਵਿਖੇ ਕੀਤਾ ਗਿਆ ਸਨਮਾਨ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕੀ ਰਾਜਨੀਤੀ ’ਚ ਪੰਜਾਬੀ ਭਾਈਚਾਰਾ ਨਿੱਤ ਨਵੀਆਂ ਸਰਗਰਮੀਆ ਦਿਖਾ ਰਿਹਾ ਹੈ। ਪਿੱਛੇ ਜਿਹੇ ਹੋਈਆਂ ਅਸੈਂਬਲੀ ਅਤੇ ਕਾਂਗਰਸਮੈਨ ਦੀਆਂ ਚੋਣਾਂ ਵਿਚ 5 ਭਾਰਤੀਆਂ ਨੇ ਜਿੱਤ ਪੱਕੀ ਕੀਤੀ ਹੈ। ਕੈਲੀਫੋਰਨੀਆ ਦੇ ਡਿਸਟ੍ਰਿਕ-23 ਤੋਂ ਪੰਜਾਬੀ ਨੌਜਵਾਨ ਐਸ਼ ਕਾਲੜਾ ਨੇ ਅਸੈਂਬਲੀ ਮੈਂਬਰ ਦੀ ਚੋਣ ਵਿਚ ਜਿੱਤ ਹਾਸਲ ਕੀਤੀ ਹੈ। ਅਮਰੀਕਾ ਦੇ ਇਤਿਹਾਸ ਵਿਚ ਐਸ਼ ਕਾਲੜਾ ਪਹਿਲਾ ਪੰਜਾਬੀ ਅਸੈਂਬਲੀਮੈਨ ਹਨ। ਐਸ਼ ਕਾਲੜਾ ਦੇ ਅਸੈਂਬਲੀ ਮੈਂਬਰ ਵਜੋਂ ਜਿੱਤਣ ਦੀ ਖੁਸ਼ੀ ਵਿਚ ਸੈਕਰਾਮੈਂਟੋ ਦੇ ਫਲਮਿੰਗੋ ਪੈਲੇਸ, ਬਾਠ ਐਵੇਨਿਊ ਵਿਖੇ ਇਕ ਸ਼ਾਨਦਾਰ ਰਿਸੈਪਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿਚ ਜਿੱਥੇ ਐਸ਼ ਕਾਲੜਾ ਵਿਸ਼ੇਸ਼ ਤੌਰ ’ਤੇ ਪਹੁੰਚੇ, ਉੱਥੇ ਐਲਕ ਗਰੋਵ ਸਿਟੀ ਦੇ ਮੇਅਰ ਸਟੀਵ ਲੀ, ਸੈਨਵਾਕਿਨ ਦੇ ਪੰਜਾਬੀ ਪੁਲਿਸ ਮੁਖੀ ਮਨਜੀਤ ਸਿੰਘ, ਐਲਕ ਗਰੋਵ ਸਕੂਲ ਡਿਸਟ੍ਰਿਕ ਬੋਰਡ ਦੀ ਪ੍ਰਧਾਨ ਬੌਬੀ ਸਿੰਘ ਐਲਨ, ਸਿਟੀ ਕਮਿਸ਼ਨਰ, ਸ਼ੈਰਿਫ ਮੁਖੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਮਰੀਕੀ ਆਗੂ ਵਿਸ਼ੇਸ਼ ਤੌਰ ’ਤੇ ਪਹੁੰਚੇ। ਇਸ ਸਮਾਗਮ ਵਿਚ ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨੀਅੰਸ ਸਟੋਰ ਐਸੋਸੀਏਸ਼ਨ ਦੇ ਬਹੁਤ ਸਾਰੇ ਮੈਂਬਰ ਵਿਸ਼ੇਸ਼ ਤੌਰ ’ਤੇ ਪਹੁੰਚੇ। 1ਫ31 ਵੱਲੋਂ ਸਟੋਰ ਮਾਲਕਾਂ ਨੂੰ



ਕੈਲੀਫੋਰਨੀਆ ਦੀ ਸ਼ਰਾਬ ਨੀਤੀ ਬਾਰੇ ਬਹੁਤ ਸਾਰੀ ਜਾਣਕਾਰੀ ਦਿੱਤੀ ਗਈ।

ਇਸ ਦੌਰਾਨ ਐਸ਼ ਕਾਲੜਾ ਨੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਂ ਕੋਸ਼ਿਸ਼ ਕਰਾਂਗਾ ਕਿ ਭਾਰਤੀ ਭਾਈਚਾਰੇ ਦੀ ਕੋਈ ਵੀ ਸਮੱਸਿਆ ਹੋਵੇ, ਤਾਂ ਮੈਂ ਉਸ ਨੂੰ ਅਸੈਂਬਲੀ ਵਿਚ ਪੇਸ਼ ਕਰਕੇ ਹੱਲ ਕਰਵਾ ਸਕਾਂਗਾ। ਇੰਦਰਜੀਤ ਸਿੰਘ ਕਾਲੀਰਾਏ, ਗੁਰੀ ਕੰਗ, ਗੁਰਜਤਿੰਦਰ ਸਿੰਘ ਰੰਧਾਵਾ ਨੇ ਆਏ ਹੋਏ ਆਗੂਆਂ ਅਤੇ ਸਮੂਹ ਭਾਈਚਾਰੇ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਕੁਝ ਸੰਸਥਾਵਾਂ ਨੇ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕੀਤੀ, ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬ ਰੋਜ਼ਵਿਲ ਦੀ ਪ੍ਰਬੰਧਕੀ ਕਮੇਟੀ, ਗੁਰਦੁਆਰਾ ਸਾਹਿਬ ਦਸ਼ਮੇਸ਼ ਦਰਬਾਰ ਸੈਕਰਾਮੈਂਟੋ ਦੀ ਪ੍ਰਬੰਧਕੀ ਕਮੇਟੀ, ਇੰਡਸਵੈਲੀ ਚੈਂਬਰ ਆਫ ਕਾਮਰਸ, ਇੰਡੀਅਨ ਐਸੋਸੀਏਸ਼ਨ, ਪੰਜਾਬ ਪ੍ਰੋਡਕਸ਼ਨਜ਼, ਦੇਸੀ ਸਵੈਗ, ਕੋਹਿਨੂਰ ਕਲੱਬ, ਗੋਲਡਨ ਸਟੇਟ ਪੰਜਾਬੀ ਕਲੱਬ, ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ, ਸਾਲਸਾ, ਸ਼ਾਮਲ ਸਨ। ਇਹ ਸਮਾਗਮ ਫਲਮਿੰਗੋ ਪੈਲੇਸ ਦੇ ਪ੍ਰਦੀਪ ਸ਼ਰਮਾ ਵੱਲੋਂ ਸਪਾਂਸਰ ਕੀਤਾ ਗਿਆ।

## ਪੰਜਾਬ ਵਿਧਾਨ ਸਭਾ ਲਈ ਪਈਆਂ ਵੋਟਾਂ ਦਾ ਵਿਸ਼ਲੇਸ਼ਣ

# ਜਿਹੜਾ ਮਾਲਵਾ ਸਰ ਕਰੂ- ਉਹੀ ਬਣਾਵੇਗਾ ਸਰਕਾਰ?



ਪੰਮੀ ਲਾਲੋ ਮਜਾਰਾ
91-95011-43755

ਮਾਲਵੇ ਦੀਆਂ ਲੱਗਭੱਗ 70 ਸੀਟਾਂ 'ਚੋਂ ਜਿਹੜਾ 45-50 ਸੀਟਾਂ ਜਿੱਤ ਜਾਊ, ਉਹੀ ਪੰਜਾਬ ਦਾ ਮਹਾਂਨਾਇਕ ਹੋਵੇਗਾ। ਮਤਲਬ ਉਸ ਦੀ ਹੀ ਪੰਜਾਬ 'ਚ ਸਰਕਾਰ ਬਣੇਗੀ। ਫਿਲਹਾਲ ਇਹ ਮੁਕਾਬਲਾ ਮਾਲਵੇ ਦੀ ਧਰਤੀ ਤੇ ਕਾਂਗਰਸ ਤੇ ਆਮ ਆਦਮੀ ਪਾਰਟੀ 'ਚ ਹੁੰਦਾ ਦਿਖਾਈ ਦੇ ਰਿਹਾ ਹੈ। ਜਿਸ ਤਰ੍ਹਾਂ ਆਖਰੀ ਦਿਨਾਂ 'ਚ ਆ ਕੇ ਆਮ ਆਦਮੀ ਪਾਰਟੀ ਨੇ ਪੰਜਾਬ ਦੀ ਸਿਆਸੀ ਆਬੋ-ਹਵਾ 'ਚ ਵਾਪਸੀ ਕੀਤੀ ਹੈ, ਉਸ ਤੋਂ ਇਨਕਾਰ ਹੋਣਾ ਨਾਇਨਸਾਫੀ ਹੋਵੇਗੀ। ਬੇਸ਼ੱਥ ਸਿਰਸੇ ਵਾਲੇ ਰਾਜਨੀਤਿਕ ਵਿੰਗ ਨੇ ਪ੍ਰੇਮੀਆਂ ਨੂੰ ਭਾਜਪਾ ਅਕਾਲੀ ਦਲ ਦੇ ਹੱਕ 'ਚ ਵੋਟ ਪਾਉਣ ਨੂੰ ਹੁਕਮ ਜਾਰੀ ਕੀਤਾ ਸੀ, ਪਰ ਇਸ ਹੁਕਮ ਨਾਲ ਜਿੱਥੇ ਡੇਰਾ ਪ੍ਰੇਮੀ ਖੁਦ ਹੈਰਾਨ-ਪ੍ਰੇਸ਼ਾਨ ਦਿੱਸੇ, ਉਥੇ ਪੰਥਕ ਧਿਰਾਂ ਦੇ ਵੀ ਇਹ ਹੁਕਮ ਗਲ਼ੇ ਨਹੀਂ ਉਤਰਿਆ। ਇਸ ਵਾਰ ਅੰਦਰ ਦੀ ਕਨਸੋਅ ਹੈ ਕਿ ਡੇਰਾ ਪ੍ਰੇਮੀਆਂ ਦਾ ਵੋਟ ਬੈਂਕ ਥੋਕ ਦੇ ਭਾਅ 'ਚ ਅਕਾਲੀਆਂ ਦੇ ਖਿਲਾਫ ਭੁਗਤਿਆ। ਅਗਰ ਇਹ ਵੋਟ ਬੈਂਕ ਸਭ ਤੋਂ ਵੱਧ ਆਪ ਨੂੰ ਭੁਗਤਿਆ ਹੋਇਆ ਤਾਂ ਮਾਲਵੇ 'ਚ ਸਭ ਤੋਂ ਵੱਧ ਸੀਟਾਂ ਤੇ ਸਰਦਾਰੀ ਆਪ ਦੀ ਹੋਵੇਗੀ ਤੇ ਜੇ ਕਾਂਗਰਸ ਨੂੰ ਭੁਗਤਿਆ ਤਾਂ ਚੰਡੀਗੜ੍ਹ, ਕਾਂਗਰਸ ਲਈ ਉਨਾ ਹੀ ਨੇੜੇ ਹੋਵੇਗਾ। ਪਰ ਕਾਂਗਰਸ ਲਈ ਇਹ ਅਸੰਭਵ ਲੱਗਦਾ ਹੈ। ਕਿਉਂਕਿ ਸਿਰਸੇ ਵਾਲੇ ਬਾਬੇ ਦਾ ਕੁੜਮ ਹਰਮਿੰਦਰ ਜੱਸੀ, ਜੋ ਮੌੜ ਮੰਡੀ ਤੋਂ ਕਾਂਗਰਸ ਦੀ ਟਿਕਟ ਤੇ ਚੋਣ ਲੜ ਰਿਹਾ ਹੈ, ਉਹ ਪਹਿਲਾਂ ਹੀ 2-3 ਵਾਰ ਹਾਰ ਚੁੱਕਾ ਹੈ। ਜਿਹੜੇ ਡੇਰਾ ਪ੍ਰੇਮੀਆਂ ਦੀ ਵੋਟ ਬਾਬੇ ਦੇ ਕੁੜਮ ਨੂੰ ਨਹੀਂ ਪੈ ਸਕਦੀ, ਉਹ ਵੋਟ ਫਿਰ ਇਸ ਵਾਰ ਡੇਰੇ ਦੇ ਕਹਿਣ ਤੇ ਅਕਾਲੀ-ਭਾਜਪਾ ਗੱਠਜੋੜ ਨੂੰ ਕਿਵੇਂ ਪੈ ਜਾਊ। ਜਦਕਿ ਡੇਰੇ ਨਾਲ ਅਕਾਲੀਆਂ ਦੀ ਹਮੇਸ਼ਾ ਹੀ 7/51 ਰਹਿੰਦੀ ਹੈ। ਹਾਂ ਡੇਰਾ ਪ੍ਰੇਮੀਆਂ ਦੀ ਵੋਟ ਉਹਨਾਂ ਸੀਟਾਂ 'ਤੇ ਜ਼ਰੂਰ ਭਾਜਪਾ ਨੂੰ ਪੈ ਗਈ ਹੋਈ ਕਹਿ ਸਕਦੇ ਹਾਂ, ਜਿੱਥੇ ਭਾਜਪਾ ਉਮੀਦਵਾਰ ਖੜ੍ਹੇ ਹੋਏ ਹੋਣਗੇ। ਅਸਲ ਵਿਚ ਡੇਰੇ ਦਾ ਰਾਜਨੀਤਿਕ ਫੈਸਲਾ ਭਾਜਪਾ ਲਈ ਹੀ ਸੀ ਨਾ ਕਿ ਅਕਾਲੀਆਂ ਵਾਸਤੇ। ਕਿਉਂਕਿ ਡੇਰੇ ਦੇ ਕਈ ਕੇਸਾਂ ਦੀ ਜਾਂਚ ਸੀ. ਬੀ. ਆਈ. ਕਰ ਰਹੀ ਹੈ ਤੇ ਸੀ. ਬੀ. ਆਈ. ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਧੀਨ ਹੈ। ਜਿਸ ਤਰ੍ਹਾਂ ਬਾਪੂ ਆਸਾਰਾਮ ਨੇ ਭਾਜਪਾ ਨਾਲ ਪੰਗਾ ਲੈ ਕੇ ਆਪਣਾ ਸਭ ਕੁਝ ਮਿੱਟੀ 'ਚ ਮਿਲਾ ਲਿਆ ਹੈ, ਉਸੇ ਤਰ੍ਹਾਂ ਡੇਰਾ ਵੀ ਨਹੀਂ ਚਾਹੁੰਦਾ ਕਿ ਭਾਜਪਾ ਨਾਲ ਪੰਗਾ ਲੈ ਕੇ ਆਪਣੀਆਂ ਮੁਸੀਬਤਾਂ ਵਿਚ ਵਾਧਾ ਕੀਤਾ ਜਾਵੇ। ਹਾਲਾਂਕਿ ਜੇ ਵੇਖਿਆ ਜਾਵੇ ਤਾਂ ਅਖੌਤੀ ਬਾਪੂ ਆਸਰਾਮ ਤੇ ਡੇਰੇ ਵਾਲੇ ਬਾਬੇ ਦੇ ਕੇਸਾਂ ਵਿਚ ਵੀ ਕਰੀਬ-ਕਰੀਬ ਬਹੁਤ ਸਮਾਨਤਾ ਹੈ। ਅਸਲ ਵਿਚ ਸਿਰਸੇ ਵਾਲੇ ਡੇਰੇ ਨੇ ਅਕਾਲੀ-ਭਾਜਪਾ ਗੱਠਜੋੜ ਨੂੰ ਵੋਟਾਂ ਪਾਉਣ ਲਈ ਕਹਿ ਕੇ ਆਪਣਾ ਫਰਜ਼ ਅਦਾ ਕਰਤਾ। ਇਸ ਫਰਜ਼ ਅਦਾ ਕਰਨ ਦੀ ਕੀਮਤ ਇਹੀ ਹੈ ਕਿ ਕੇਂਦਰ ਵਿਚ ਜਿੰਨਾ ਚਿਰ ਭਾਜਪਾ ਦੀ ਸਰਕਾਰ ਹੈ, ਸੀ. ਬੀ. ਆਈ. ਦੇ ਹੱਥ ਪੈਰ ਜਕੜੇ ਹੀ ਰਹਿਣਗੇ ਤੇ ਡੇਰਾ ਮੁਖੀ ਦਾ ਵਾਲ ਵਿੰਗਾ ਵੀ ਨਹੀਂ ਹੋਵੇਗਾ। ਦੂਜੇ ਪਾਸੇ ਦੁਆਬੇ ਦੀ ਧਰਤੀ ਤੇ ਰਵਿਦਾਸੀਆਂ ਦੇ ਅੰਤਰ ਰਾਸ਼ਟਰੀ ਧਾਰਮਿਕ ਅਸਥਾਨ ਡੇਰਾ ਸੱਚਖੰਡ ਬੱਲਾਂ ਤੋਂ ਵੀ ਬਿਲਕੁਲ ਆਖਰੀ ਮੌਕੇ ਮੀਡੀਆ ਰਿਪੋਰਟਾਂ ਮੁਤਾਬਕ ਭਾਜਪਾ-ਅਕਾਲੀ ਗੱਠਜੋੜ ਨੂੰ ਵੋਟਾਂ ਪਾਉਣ ਦੇ ਫੈਸਲੇ ਤੋਂ ਹਰ ਕੋਈ ਹੈਰਾਨ-ਪ੍ਰੇਸ਼ਾਨ ਹੈ। ਕਿਉਂਕਿ ਡੇਰਾ ਸਿਰਸੇ ਦੀਆਂ ਤਾਂ ਕਈ ਮਜਬੂਰੀਆਂ ਹੋ ਸਕਦੀਆਂ ਹਨ ਪਰ ਡੇਰਾ ਬੱਲਾਂ ਦੀ ਕੀ ਮਜਬੂਰੀ? ਇਸ ਡੇਰੇ ਤੇ ਹਮੇਸ਼ਾ ਕਾਂਗਰਸ ਦਾ ਹੀ ਰਾਜਨੀਤਿਕ ਪ੍ਰਭਾਵ ਰਿਹਾ, ਕਿਉਂਕਿ ਸੇਠ ਸੱਤਪਾਲ ਮੱਲ ਵਰਗੇ ਇਸ ਡੇਰੇ ਨਾਲ ਬਹੁਤ ਕਰੀਬ ਤੋਂ ਹੀ ਜੁੜੇ ਰਹੇ। ਅੱਜਕਲ੍ਹ ਉਹੀ ਸੇਠ ਸੱਤਪਾਲ ਅਕਾਲੀਆਂ ਦੀ ਟਿਕਟ ਤੇ ਚੋਣ ਲੜ ਰਿਹਾ ਹੈ। ਪਰ ਸਚਾਈ ਇਹੀ ਹੈ ਕਿ ਇਸ ਡੇਰੇ ਤੇ ਜਾਣ ਵਾਲੇ ਜੋ ਲੱਖਾਂ ਸ਼ਰਧਾਲੂ ਹਨ, ਉਹ ਬਸਪਾ ਨਾਲ ਜੁੜੇ ਹੋਏ ਹਨ, ਇਸ ਕਰਕੇ ਬਸਪਾ ਨਾਲ ਜੁੜੇ ਲੋਕ ਕਿਸੇ ਦੇ ਕਹਿਣ ਤੇ ਕਿਸੇ ਵੀ ਕੀਮਤ 'ਤੇ ਕਿਸੇ ਨੂੰ ਵੋਟ ਨਹੀਂ ਪਾ ਸਕਦੇ।

### ਲੋਕ ਲੋਕਤੰਤਰ 'ਚ ਬਦਲਾਅ ਚਾਹੁੰਦੇ ਹਨ

ਇਸ ਵਾਰ ਪੰਜਾਬ ਦੇ ਲੋਕਾਂ ਵਿਚ ਇਕ ਗੱਲ ਇਹ ਜ਼ਰੂਰ ਘਰ ਕਰੀ ਬੈਠੀ ਸੀ ਕਿ ਇਸ ਵਾਰ ਬਦਲਾਅ ਨੂੰ ਵੋਟ ਪਾਉਣੀ ਹੈ। ਉਹ ਬਦਲਾਅ ਕਾਂਗਰਸ ਦੇ ਰੂਪ ਵਿਚ ਵੀ ਹੋ ਸਕਦਾ ਹੈ ਤੇ ਆਮ ਆਦਮੀ ਪਾਰਟੀ ਦੇ ਰੂਪ ਵਿਚ ਵੀ ਹੋ ਸਕਦਾ ਹੈ। ਚਾਹੇ ਕਾਂਗਰਸ ਦੀ ਚਾਦਰ ਤੇ ਲੱਖ ਦਾਗ ਲੱਗੇ ਹੋਣ ਤੇ ਚਾਹੇ ਆਪ ਦੇ ਕਿਰਦਾਰ ਬਾਰੇ ਲੱਖ ਉਂਗਲਾਂ ਉਠੀਆਂ ਹੋਣ, ਪਰ ਵੋਟਰਾਂ ਤੇ ਅਕਾਲੀ-ਭਾਜਪਾ ਨੂੰ ਹਰਾਉਣ ਲਈ ਤਹੱਈਆ ਹੀ ਕਰ ਲਿਆ ਸੀ ਕਿ ਨਹੀਂ, ਇਸ ਵਾਰ ਬਦਲਾਅ ਲਈ ਵੋਟ ਪਾਉਣੀ ਹੈ। ਇੱਥੋਂ ਤੱਕ ਕਿ ਸ਼ਰਧਾਲੂਆਂ ਨੇ ਆਪਣੇ-ਆਪਣੇ ਡੇਰਾ ਮੁਖੀਆਂ ਦੀ ਵੀ ਪਰਵਾਹ ਨਹੀਂ ਕੀਤੀ। ਹੋ ਸਕਦਾ ਹੈ ਸਾਰੇ ਪੰਜਾਬ 'ਚ ਝਾੜੂ ਹੀ ਫਿਰਦਾ ਨਜ਼ਰ ਆਵੇ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਪੰਜਾਬ 'ਚ ਝਾੜੂ ਦੇ ਇਕ ਨੰਬਰ ਰਹਿਣ ਦੀ ਸੰਭਾਵਨਾ ਹੈ। ਜਦਕਿ ਦੂਜੇ ਅਤੇ ਤੀਜੇ ਨੰਬਰ ਲਈ ਕਾਂਗਰਸ ਤੇ ਅਕਾਲੀ ਦਲ ਵਿਚਕਾਰ ਟੱਕਰ ਹੋਵੇਗੀ।

### ਬਸਪਾ ਦਾ ਗਰਾਫ ਡਿੱਗਣ ਦੀ ਸੰਭਾਵਨਾ

ਅਗਰ ਇਸ ਵਾਰ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 'ਚ ਆਪ ਨਾ ਹੁੰਦੀ ਤਾਂ ਸ਼ਾਇਦ ਬਸਪਾ ਆਪਣੇ ਆਪ ਨੂੰ ਤੀਜੇ ਬਦਲ ਵਜੋਂ ਪੇਸ਼ ਕਰ ਸਕਦੀ ਸੀ। ਪਰ ਅਫਸੋਸ 1992 ਤੋਂ ਬਾਅਦ ਬਸਪਾ ਦੇ ਹੱਥੋਂ ਇਹ ਮੌਕਾ ਵੀ ਗੁਜ਼ਰ ਗਿਆ। ਦੁਆਬੇ ਦੀ ਧਰਤੀ ਤੇ ਉਮੀਦ ਲਾਈ ਬੈਠੀ ਬਸਪਾ ਦਾ ਇਸ ਵਾਰ ਗਰਾਫ ਹੋਰ ਡਿੱਗਣ ਦੀ ਸੰਭਾਵਨਾ ਹੈ, ਕਿਉਂਕਿ ਇਸ ਵਾਰ ਦਲਿਤ ਸਮਾਜ ਦਾ ਬਹੁਤਾ ਵੋਟ ਬੈਂਕ ਵੀ ਆਮ ਆਦਮੀ ਪਾਰਟੀ ਨੂੰ ਭੁਗਤ ਗਿਆ ਲੱਗਦਾ ਹੈ। ਕਿਉਂਕਿ ਲੋਕ ਸਭਾ ਵਿਚ ਵੀ ਸਭ ਤੋਂ ਵੱਧ ਨੁਕਸਾਨ ਆਪ ਨੇ ਬਸਪਾ ਦਾ ਹੀ ਕੀਤਾ ਸੀ।

ਆਪ ਤੇ ਕਾਂਗਰਸ 'ਚ ਫਸਵੀਂ ਟੱਕਰ ਦੇ ਆਸਾਰ

### ਅਕਾਲੀ ਦਲ ਨੇ ਵੀ ਨਹੀਂ ਮੰਨੀ ਹਾਰ

ਪੰਜਾਬ 'ਚ ਵੋਟਾਂ ਪਈਆਂ ਨੂੰ ਬੇਸ਼ੱਥ ਦੋ ਹਫਤੇ ਤੋਂ ਵੱਧ ਦਾ ਵਕਤ ਬੀਤ ਗਿਆ ਹੈ ਪਰ ਅੰਦਰਖਾਤੇ ਚੱਲ ਰਹੇ ਚੋਣ ਸਰਵਿਆਂ ਦੀ ਘੁਸਰ-ਮੁਸਰ ਵਿਚ ਹਾਲੇ ਵੀ ਇਹ ਅੰਦਾਜ਼ਾ ਲਾਉਣਾ ਨਾਮੁਮਕਿਨ ਹੈ ਕਿ ਸਿਆਸੀ ਹੱਥ ਕਿਸ ਪਾਰਟੀ ਦਾ ਉਪਰ ਰਹੇਗਾ। ਇਕ ਅੰਦਾਜ਼ਾ ਇਹ ਵੀ ਹੈ ਕਿ ਆਪ ਤੇ ਕਾਂਗਰਸ ਵਿਚ ਫਸਵੀਂ ਟੱਕਰ ਦੇ ਆਸਾਰ ਹਨ। ਜੇਕਰ ਮਾਲਵੇ ਦੀਆਂ 69 ਸੀਟਾਂ 'ਚੋਂ 45 ਸੀਟਾਂ ਵੀ ਜੇਕਰ ਕੋਈ ਪਾਰਟੀ ਲੈ ਗਈ ਤਾਂ ਉਹ ਪਾਰਟੀ ਸਰਕਾਰ ਬਣਾਉਣ ਦੇ ਕਰੀਬ ਪਹੁੰਚ ਸਕਦੀ ਹੈ। ਵੇਖਿਆ ਜਾਵੇ ਤਾਂ ਇਹ ਸਿਆਸੀ ਗੁਣੀਆ ਕਾਂਗਰਸ ਅਤੇ ਆਪ ਦੇ ਹੱਕ ਵਿਚ ਪੈਂਦਾ ਦਿਖਾਈ ਦੇ ਰਿਹਾ ਹੈ। ਪਰ ਸਿਆਸੀ ਮਾਹਿਰਾਂ ਮੁਤਾਬਕ ਜ਼ਿਆਦਾਤਰ ਇਹ ਗੁਣੀਆ ਆਪ ਦੇ ਹੱਕ ਵਿਚ ਜਾਪ ਰਿਹਾ ਹੈ। ਜੇਕਰ ਆਪ ਮਾਲਵੇ 'ਚੋਂ ਕਾਂਗਰਸ ਨੂੰ ਲੀਡ ਕਰ ਗਈ ਤਾਂ ਉਹਦੀ ਬਾਕੀ ਰਹਿੰਦੀ ਕਸਰ ਮਾਝਾ ਅਤੇ ਦੋਆਬਾ ਪੂਰੀ ਕਰ ਦੇਵੇਗਾ। ਪਰ ਇੰਨੀਆਂ ਕੁ ਸੀਟਾਂ ਜੇ ਕਾਂਗਰਸ ਮਾਲਵੇ 'ਚੋਂ ਲੈ ਗਈ ਤਾਂ ਦਸਾਂ ਸਾਲਾਂ ਦੇ ਬਨਵਾਸ ਤੋਂ ਬਾਅਦ ਉਹਦੀ ਸੱਤਾ 'ਚ ਵਾਪਸੀ ਹੋ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵਿਚ ਹੀਰੋ ਬਣ ਜਾਵੇਗਾ ਤੇ ਉਹ ਮੋਦੀ ਬਨਾਮ ਭਾਜਪਾ ਨਾਲ ਹਰ ਤਰ੍ਹਾਂ ਦੀ ਲੜਾਈ ਲੜਨ ਦਾ ਦਮਖਮ ਵੀ ਰੱਖਦਾ ਹੈ। ਤੇ ਉਹਦੇ ਰਸਤੇ 'ਚ ਰੋੜੇ ਅਟਕਾਉਣ ਤੋਂ ਪਹਿਲਾਂ ਕੇਂਦਰ ਨੂੰ ਸੌ ਵਾਰ ਸੋਚਣਾ ਪਵੇਗਾ। ਦੂਜੇ ਪਾਸੇ ਜੇ ਪੰਜਾਬ ਦੀ ਸੱਤਾ ਤੇ ਆਪ ਕਾਬਜ਼ ਹੁੰਦੀ ਹੈ ਤਾਂ ਉਹਨੂੰ ਕੇਂਦਰ ਦੀ ਪ੍ਰੇਸ਼ਾਨੀ ਦਾ ਪੈਰ-ਪੈਰ ਤੇ ਘੋਰ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਪਰ ਉਹਦੇ ਹੱਕ ਵਿਚ ਹੋਰ ਕੋਈ ਵੀ ਸਿਆਸੀ ਦਲ ਹਾਅ ਦਾ ਨਾਅਰਾ ਨਹੀਂ ਮਾਰੇਗਾ। ਉਲਟਾ ਆਪ ਨੇ ਗੁਜਰਾਤ, ਮੱਧ ਪ੍ਰਦੇਸ਼, ਰਾਜਸਥਾਨ ਤੇ ਹੋਰ ਜਿੱਥੇ ਵੀ ਵਿਧਾਨ ਸਭਾ ਚੋਣਾਂ ਲੜਨ ਦਾ ਐਲਾਨ ਕੀਤਾ ਹੈ, ਉਥੇ-ਉਥੇ ਜਨ ਸਮਰਥਨ ਹਾਸਲ ਕਰਨਾ ਔਖਾ ਹੋ ਜਾਵੇਗਾ। ਆਪ ਦੇ ਰਸਤੇ 'ਚ ਕੰਡੇ ਹੀ ਕੰਡੇ ਹਨ। ਜੇ ਉਹ ਜਿੱਤ ਗਈ ਤਾਂ ਵੀ ਤੇ ਜੇ ਹਾਰ ਗਈ ਤਾਂ ਵੀ। ਕਿਉਂਕਿ ਦੂਸਰੀਆਂ ਪਾਰਟੀਆਂ 'ਚ ਉਹਦੇ ਸਿਆਸੀ ਮਿੱਤਰਾਂ ਦੀ ਬਹੁਤ ਹੀ ਜ਼ਿਆਦਾ ਘਾਟ ਹੈ।

### ਹਾਰ ਅਕਾਲੀ ਦਲ ਨੇ ਵੀ ਨਹੀਂ ਮੰਨੀ

ਬੇਸ਼ੱਕ ਹਰ ਚੋਣ ਸਰਵੇ 'ਚ ਆਪ ਤੇ ਕਾਂਗਰਸ ਵਿਚ ਫਸਵਾਂ ਮੁਕਾਬਲਾ ਦੱਸਿਆ ਜਾ ਰਿਹਾ ਹੈ, ਪਰ ਫਿਰ ਵੀ ਅਕਾਲੀ ਦਲ ਆਪਣੀ ਹਾਰ ਕਬੂਲ ਕਰਨ ਨੂੰ ਤਿਆਰ ਨਹੀਂ। ਇਸਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਤਾਂ ਮੋਟੇ ਤੌਰ ਤੇ ਇਹ ਹੋ ਸਕਦਾ ਹੈ ਕਿ ਅਕਾਲੀ ਦਲ ਨੂੰ ਸ਼ਾਇਦ ਇਹ ਸੰਭਾਵਨਾ ਨਜ਼ਰ ਆਉਂਦੀ ਹੋਵੇ ਕਿ ਪੰਜਾਬ 'ਚ ਲੰਗੜੀ ਵਿਧਾਨ ਸਭਾ ਬਣਨ ਦੇ ਆਸਾਰ ਹਨ। ਜੇ ਇਸ ਤਰ੍ਹਾਂ ਹੋ ਗਿਆ ਤਾਂ ਸਰਕਾਰ ਬਣਾਉਣ ਲਈ ਸ਼ਾਇਦ ਕੋਈ ਵੀ ਪਾਰਟੀ ਫਿਰ ਕਿਸੇ ਦਾ ਸਮਰਥਨ ਨਾ ਕਰੇ। ਤੇ ਫਿਰ ਇਸ ਪ੍ਰਸਥਿਤੀ ਵਿਚ ਕੇਂਦਰ ਪੰਜਾਬ 'ਚ ਰਾਜਪਾਲ ਦੀ ਸਿਫਾਰਸ਼ 'ਤੇ ਰਾਸ਼ਟਰਪਤੀ ਸਾਸ਼ਨ ਲਾਗੂ ਕਰ ਦੇਵੇਗਾ ਤੇ ਪਰਦੇ ਪਿੱਛੇ ਦੀ ਸਰਕਾਰ ਚਲਾਵੇਗਾ। ਮਤਲਬ ਅਕਾਲੀ ਦਲ ਤੇ ਭਾਜਪਾ ਅਸਿੱਧੇ ਤੌਰ ਤੇ ਪੰਜਾਬ 'ਚ ਆਪਣੀ ਸਰਦਾਰੀ ਕੇਂਦਰ ਦੇ ਦਬਕੇ ਦੇ ਸਿਰ ਤੇ ਕਾਇਮ ਰੱਖਣਗੇ। ਤੇ ਫਿਰ ਇਹ ਚੋਣਾਂ ਕੇਂਦਰ 2019 'ਚ ਲੋਕ ਸਭਾ ਦੀਆਂ ਚੋਣਾਂ ਦੇ ਨਾਲ ਹੀ ਕਰਵਾਏਗਾ।

ਉਦੋਂ ਤੱਕ ਹੋ ਸਕਦਾ ਹੈ ਮਾਹੌਲ ਅਕਾਲੀ-ਭਾਜਪਾ ਗੱਠਜੋੜ ਦੇ ਹੱਕ ਵਿਚ ਹੋ ਜਾਵੇ। ਦੂਸਰਾ ਕਾਰਨ ਅਕਾਲੀ ਦਲ ਇਹ ਮੰਨ ਕੇ ਚੱਲਦਾ ਹੋਵੇ ਕਿ ਕਈ ਥਾਵਾਂ ਤੇ ਆਪ ਤੇ ਕਾਂਗਰਸ ਦੇ ਬਾਗੀ ਜਿਹਨਾਂ ਨੂੰ ਕਿਤੇ ਨਾ ਕਿਤੇ ਅਕਾਲੀ ਦਲ ਦੀ ਸਰਪ੍ਰਸਤੀ ਸੀ, ਉਥੇ ਆਪ ਤੇ ਕਾਂਗਰਸ ਦੇ ਉਮੀਦਵਾਰ ਹਾਰ ਜਾਣ ਤੇ ਅਕਾਲੀ ਉਮੀਦਵਾਰਾਂ ਦਾ ਸੂਤ ਲੱਗ ਜਾਵੇ। ਜੇ ਅਕਾਲੀ ਦਲ ਇਸ ਖੁਸ਼ ਫਹਿਮੀ ਵਿਚ ਹੈ ਤਾਂ ਇਹ ਬਿੱਲੀ ਨੂੰ ਵੇਖ ਕੇ ਕਬੂਤਰ ਦੇ ਅੱਖਾਂ ਮੀਟਣ ਵਾਲੀ ਗੱਲ ਹੈ। ਮੈਂ ਤੁਹਾਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਉਦਾਹਰਣ ਦਿੰਦਾ ਹਾਂ। ਬੰਗਾ, ਬਲਾਚੌਰ ਤੇ ਨਵਾਂ ਸ਼ਹਿਰ 'ਚ ਤਿੰਨੇ ਹਲਕਿਆਂ ਵਿਚ ਹੀ ਆਪ ਦੇ ਉਮੀਦਵਾਰਾਂ ਨੂੰ ਬਾਗੀ ਉਮੀਦਵਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਉਹਦੇ ਬਾਵਜੂਦ ਆਪ ਇਸ ਜ਼ਿਲ੍ਹੇ 'ਚੋਂ ਘੱਟੋ ਘੱਟ ਦੋ ਸੀਟਾਂ ਜਿੱਤਣ ਦੀ ਸਥਿਤੀ ਵਿਚ ਹੈ।

ਬਾਕੀ ਜ਼ਿਲ੍ਹਿਆਂ ਵਿਚ ਵੀ ਇਹੀ ਸਮੀਕਰਨ ਉਭਰ ਕੇ ਸਾਹਮਣੇ ਆ ਸਕਦੇ ਹਨ। ਬੇਸ਼ੱਕ ਆਪ ਦੇ ਬਾਗੀ ਤੇ ਕਾਂਗਰਸ ਦੇ ਬਾਗੀਆਂ ਦੀ ਕਮਾਨ ਮਨਜਿੰਦਰ ਸਿੰਘ ਸਿਰਸਾ ਦੇ ਹੱਥ ਵਿਚ ਸੀ ਪਰ ਕਿਤੇ ਨਾ ਕਿਤੇ ਇਸ ਪੈਂਤੜੇ ਦਾ ਫਾਇਦਾ ਵੀ ਅਕਾਲੀ ਦਲ ਨੂੰ ਹੁੰਦਾ ਨਜ਼ਰ ਨਹੀਂ ਆ ਰਿਹਾ। ਪੰਜਾਬ ਵਿਚ ਤਾਂ ਅਕਾਲੀ ਦਲ ਦੇ ਪੈਰ ਫਿਸਲਦੇ ਨਜ਼ਰ ਆ ਰਹੇ ਹਨ, ਪਰ ਜੇ ਦਿੱਲੀ ਦੀ ਸ਼੍ਰੋਮਣੀ ਕਮੇਟੀ ਹੀ ਅਕਾਲੀ ਦਲ ਬਚਾ ਜਾਵੇ ਤਾਂ ਵੱਡੀ ਹੈਰਾਨੀ ਹੋਵੇਗੀ।

### ਕਾਂਗਰਸ ਵੀ ਦੁਚਿੱਤੀ ਵਿਚ

ਪੰਜਾਬ ਦੇ ਚੋਣ ਨਤੀਜਿਆਂ ਨੂੰ ਵੇਖਦਿਆਂ ਪੰਜਾਬ ਕਾਂਗਰਸ ਵੀ ਦੁਚਿੱਤੀ ਵਿਚ ਨਜ਼ਰ ਆ ਰਹੀ ਹੈ। ਕਹਿਣ ਨੂੰ ਭਾਵੇਂ ਸਭ ਕਾਂਗਰਸੀ ਨੇਤਾ ਇਹ ਲੱਖ ਕਹੀ ਜਾਣ ਕਿ ਕਾਂਗਰਸ ਦੀ ਸਰਕਾਰ ਆ ਰਹੀ ਹੈ, ਪਰ ਆਪ ਦੀ ਹਵਾ ਨੇ ਅੰਦਰੋ ਅੰਦਰੀ ਸਭ ਕਾਂਗਰਸੀਆਂ ਦੀ ਧਰਨ ਹਿਲਾ ਕੇ ਰੱਖੀ ਹੋਈ ਹੈ। ਤੇ ਹਲਕਾ-ਹਲਕਾ ਦਰਦ ਹਰ ਕਾਂਗਰਸੀ ਨੇਤਾ ਦੇ ਵੀ ਹੋ ਰਿਹਾ ਹੈ। ਇਹ ਦਰਦ ਵਧਦਾ ਹੈ ਜਾਂ ਘਟਦਾ, ਇਹ ਤਾਂ 11 ਮਾਰਚ ਨੂੰ 11 ਵਜੇ ਚੋਣ ਨਤੀਜਿਆਂ ਦੀ ਸਕੈਨਿੰਗ ਰਿਪੋਰਟ ਆਉਣ 'ਤੇ ਵੇਖ ਕੇ ਹੀ ਪਤਾ ਲੱਗੇਗਾ। ਜੇ ਕਾਂਗਰਸ ਇਯ ਵਾਰ ਵੀ ਸਿਆਸੀ ਦਰਦ ਤੋਂ ਬਾਹਰ ਨਾ ਆ ਸਕੀ ਤਾਂ ਸਾਰਾ ਨਜ਼ਲਾ ਇਕ ਮਾੜੇ ਵੈਦ ਦੀ ਤਰ੍ਹਾਂ ਕੈਪਟਨ 'ਤੇ ਹੀ ਸੁੱਟਿਆ ਜਾਵੇਗਾ। ਉਹ ਕਾਂਗਰਸੀ ਵੀ ਕੈਪਟਨ ਨੂੰ ਬੁਰਾ ਭਲਾ ਕਹਿਣ ਤੋਂ ਗੁਰੇਜ਼ ਨਹੀਂ ਕਰੇਗਾ ਜੋ ਸਵੇਰੇ ਉਠ ਕੇ ਮੂੰਹ ਨਹੀਂ ਧੋਂਦਾ ਤੇ ਬੁਰਸ਼ ਵੀ ਨਹੀਂ ਕਰਦਾ ਤੇ ਸਿੱਧਾ ਚਾਹ ਦੇ ਗਿਲਾਸ ਨੂੰ ਹੀ ਹੱਥ ਪਾਉਂਦਾ ਹੈ।

### ਤਾਮਿਲਨਾਡੂ 'ਚ ਭਾਜਪਾ ਦਾ ਅਸਲੀ ਚਿਹਰਾ ਨੰਗਾ

ਆਪਣੇ ਵਿਰੋਧੀਆਂ ਦੀਆਂ ਸਰਕਾਰਾਂ ਨੂੰ ਡੇਗਣ ਲਈ ਤੇ ਪ੍ਰੇਸ਼ਾਨ ਕਰਨ ਲਈ ਜਿਹੜੀਆਂ ਕਰਤੂਤਾਂ ਕਾਂਗਰਸ ਕਰਦੀ ਰਹੀ, ਉਹੀ ਕਰਤੂਤਾਂ ਕੇਂਦਰ ਵਿਚਲੀ ਭਾਜਪਾ ਸਰਕਾਰ ਕਰ ਰਹੀ ਹੈ। ਜਿਸਦੀਆਂ ਦੋ ਮਿਸਾਲਾਂ ਪਹਿਲਾਂ ਉਤਰਾਖੰਡ ਤੇ ਮਿਜ਼ੋਰਮ ਵਿਚ ਵੇਖ ਚੁੱਕੇ ਹਾਂ। ਤੇ ਹੁਣ ਉਹੀ ਅਭਿਆਸ ਭਾਜਪਾ ਅੰਮਾ ਦੀ ਮੌਤ ਤੋਂ ਬਾਅਦ ਤਾਮਿਲਨਾਡੂ ਵਿਚ ਕਰ ਰਹੀ ਹੈ। ਜਿਹੜਾ ਮੁੱਖ ਮੰਤਰੀ ਪਹਿਲਾਂ ਹੀ ਆਪਣੇ ਪਦ ਤੋਂ ਅਸਤੀਫਾ ਦੇ ਚੁੱਕਿਆ ਹੋਵੇ, ਭਾਜਪਾ ਉਹਨੂੰ ਕਿਹੜੇ ਮੂੰਹ ਨਾਲ ਦੁਬਾਰਾ ਬਹੁਮਤ ਸਾਬਤ ਕਰਨ ਲਈ ਸਮਰਥਨ ਦੇ ਰਹੀ ਹੈ। ਜਦ ਕਿ ਸ਼ਸ਼ੀਕਲਾ ਆਪਣੇ ਵਿਧਾਇਕਾਂ ਦੀ ਸੂਚੀ ਬਹੁਮਤ ਨਾਲ ਰਾਜ ਭਵਨ ਨੂੰ ਦੇ ਚੁੱਕੀ ਸੀ। ਬਦਕਿਸਮਤੀ ਨਾਲ ਉਸ ਨੂੰ ਸੁਪਰੀਮ ਕੋਰਟ ਤੋਂ ਸਜ਼ਾ ਹੋ ਗਈ। ਪਰ ਉਥੇ ਰਾਜਪਾਲ ਮੁੰਬਈ ਤੋਂ ਚੇਨਈ ਆਉਣ ਨੂੰ ਹੀ ਇੰਨਾਂ ਵਕਤ ਲਾ ਦਿੰਦਾ ਹੈ ਕਿ ਜਿਵੇਂ ਉਹਦੀ ਸਿਹਤ ਰਾਜ ਦਾ ਪ੍ਰਸ਼ਾਸਕ ਹੋਣ ਦੇ ਨਾਤੇ ਪ੍ਰਸ਼ਾਸਨਿਕ ਬੋਝ ਚੁੱਕਣ ਤੋਂ ਵੀ ਇਨਕਾਰੀ ਹੋਵੇ। ਅਸਲ ਵਿਚ ਇਹ ਸਭ ਕੁਝ ਕੇਂਦਰ ਦੇ ਇਸ਼ਾਰੇ ਤੇ ਹੋ ਰਿਹਾ ਹੈ। ਤਾਂ ਕਿ ਅੰਨਾ ਡੀ. ਐਮ. ਕੇਂ 'ਚ ਫੁੱਟ ਪੈ ਜਾਵੇ।

# ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹੜਾ ਸਰਧਾ ਭਾਵਨਾ ਨਾਲ ਮਨਾਇਆ ਗਿਆ







**ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ-** ਪਿਛਲੇ ਦਿਨੀਂ ਸ਼੍ਰੋਮਣੀ ਭਗਤ ਸ਼੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਦੁਨੀਆ ਭਰ ਵਿੱਚ ਉਤਸ਼ਾਹ ਨਾਲ ਮਨਾਇਆ ਗਿਆ। ਇਸੇ ਕੜੀ ਤਹਿਤ ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿੱਖੇ ਐਂਤਵਾਰ ਦੇ ਵਿਸ਼ੇਸ਼ ਦੀਵਾਨ ਸਜਾਕੇ ਗੁਰੂ ਰਵਿਦਾਸ ਜੀ ਨੂੰ ਸਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਪਹੁੰਚਕੇ ਰੱਬੀ ਬਾਣੀ ਦਾ ਲਾਹਾ ਲਿਆ। ਗੁਰੂ ਘਰ ਦੇ ਹਜ਼ੂਰੀ ਰਾਗੀ ਡਾ. ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾਲ਼ਿਆਂ ਦੇ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸੁਰਜਣ ਸਿੰਘ ਨੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਅਤੇ ਗੁਰੂ-ਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਵਾਲਿਆ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਸਬੰਧੀ ਗੁਰੂ ਸ਼ਬਦ ਰਾਹੀ ਸੰਗਤ ਨਾਲ ਸਾਂਝ ਪਾਈ। ਕੜਾਹ ਪ੍ਰਸ਼ਾਦ ਦੀ ਦੇਗ ਤੋਂ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਭਾਈ ਪ੍ਰਮੋਧ ਲੋਈ ਜੀ ਦੇ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਕੀਤੀ ਗਈ ਸੀ। ਇਸ ਮੌਕੇ ਵਕੀਲ ਵਿਵੇਕ ਮਲਕ ਵੱਲੋਂ ਸਮੂਹ ਲੁਕਾਈ ਨੂੰ ਭਗਤ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਦੀ ਵਧਾਈ ਦਿੱਤੀ ਗਈ। ਸਟੇਜ ਸੰਚਾਲਨ ਗੁਰਪ੍ਰੀਤ ਸਿੰਘ ਮਾਨ ਨੇ ਬਾਖੂਬੀ ਕੀਤਾ।

# ਗ਼ੈਰ ਕਨੂੰਨੀ ਤਰੀਕੇ ਨਾਲ ਅਮਰੀਕਾ ਵਸਦੇ ਲੋਕਾਂ ਲਈ ਦੁਸ਼ਵਾਰੀਆਂ ਸ਼ੁਰੂ




**ਫਰਿਜਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ-** ਅਮੈਰਕਿਨ ਰਾਸ਼ਟਰਪਤੀ ਡੌਨਲਡ ਟਰੰਪ ਨੇ ਜਿਵੇਂ ਆਪਣੇਂ ਚੁਣਾਵੀ ਜਲਸਿਆਂ ਵਿੱਚ ਲੋਕਾਂ ਨਾਲ ਇੰਮੀਗਰੇਸ਼ਨ ਕਨੂੰਨ ਸਖਤੀ ਨਾਲ ਲਾਗੂ ਕਰਨ ਦੇ ਵਾਅਦੇ ਕੀਤੇ ਗਏ ਸਨ, ਉਹਨਾਂ ਕਨੂੰਨਾ ਤਹਿਤ IMMIGRATION AND CUSTOMS ENFORCEMENT AGENCY (ICE) ਦੇ ਅਧਿਕਾਰੀਆਂ ਨੇ ਅਮਰੀਕਾ ਦੇ ਵੱਖੋ ਵੱਖਰੇ ਸ਼ਹਿਰਾਂ ਵਿੱਚ ਛਾਪੇ-ਮਾਰੀ ਕਰਕੇ ਗ਼ੈਰ-ਕਨੂੰਨੀ IMMIGRANTS ਨੂੰ ਗ੍ਰਿਫ਼ਤਾਰ ਕਰਕੇ ਬਿਨਾਂ ਕਿਸੇ ਅਪੀਲ ਦਲੀਲ ਦੇ ਆਪੋ ਆਪਣੇ ਮੁਲਕਾਂ ਨੂੰ DEPORT ਕਰਨ ਦਾ ਸਿਲਸਿਲਾ ਵਿੱਢ ਦਿੱਤਾ ਗਿਆ ਹੈ। ਪਿਛਲੇ ਕੁਝ ਦਿਨਾਂ ਦੌਰਾਨ SOUTHERN CALIFORNIA ਵਿੱਚ ਵੀ ਫ਼ਾਰਮਾਂ ਅਤੇ ਫੈਕਟਰੀਆਂ ਵਗੈਰਾ ਵਿੱਚ ICE ਵੱਲੋਂ ਰੇਡ ਕਰਕੇ ਤਕਰੀਬਨ 200 ਦੇ ਕਰੀਬ ਗ਼ੈਰ ਕਨੂੰਨੀ ਲੋਕਾਂ ਨੂੰ ਡਿਪੋਟ ਕਰਨ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਕੈਲੇਫੋਰਨੀਆ, ਐਰੀਜੋਨਾ, ਨਿਊ ਮੈਕਸੀਕੋ ਅਤੇ ਟੈਕਸਾਸ ਆਦਿ ਸਟੇਟਾ ਵਿੱਚ ਬਾਰਡਰ ਸਕਿਉਰਟੀ ਫੋਰਸਾ ਵੱਲੋਂ ਗਸ਼ਤ ਤੇਜ਼ ਕਰਕੇ ਗ਼ੈਰ ਕਨੂੰਨੀ ਲੋਕਾਂ ਦੀ ਸਖ਼ਤੀ ਨਾਲ ਭਾਲ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਹੁਣ ਗ਼ੈਰ ਕਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ ਲਈ ਰਹਿਣਾ ਕਾਫ਼ੀ ਮੁਸ਼ਕਿਲ ਹੋ ਗਿਆ ਜਾਪਦਾ ਹੈ। ਇਹਦੇ ਨਾਲ-ਨਾਲ ਗਰੀਨ ਕਾਰਡ ਬੋਲ ਹੋਲਡਰ ਜਿਹਨਾਂ ਦੀ ਬੈਕ ਰਾਊਂਡ ਕ੍ਰਿਮੀਨਲ ਹੈ, ਉਹਨਾਂ ਦੇ ਸਿਰ ਤੇ ਵੀ ਡਿਪੋਟੇਸਨ ਦੀ ਤਲਵਾਰ ਲਟਕ ਰਹੀ ਹੈ।

# ਪੰਜਾਬ 'ਚ 5 ਸਾਲਾਂ ਦੌਰਾਨ 6 ਉਪ-ਚੋਣਾਂ ਦਾ ਲੋਕਾਂ 'ਤੇ ਪਿਆ ਬੋਝ

**ਚੰਡੀਗੜ੍ਹ –** ਅਕਾਲੀ-ਭਾਜਪਾ ਸਰਕਾਰ ਦੇ ਇਸ ਵਾਰ ਦੇ 5 ਸਾਲ ਦੇ ਕਾਰਜਕਾਲ 'ਚ ਸੂਬੇ 'ਚ ਹਰ ਸਾਲ ਉਪ ਚੋਣਾਂ ਦੇਖਣ ਨੂੰ ਮਿਲੀਆਂ ਹਨ। ਸੂਬੇ 'ਚ ਸਾਲ 2012 ਤੋਂ 2016 ਤੱਕ ਹਰ ਵਰ੍ਹੇ ਉਪ-ਚੋਣਾਂ ਹੋਈਆਂ ਹਨ।

ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2012 'ਚ ਅਕਾਲੀ-ਭਾਜਪਾ ਸਰਕਾਰ ਦੇ ਮੁੜ ਸੱਤਾ 'ਚ ਆਉਣ ਮਗਰੋਂ ਸਭ ਤੋਂ ਪਹਿਲਾਂ ਉਸੇ ਸਾਲ ਦਸੂਹਾ ਵਿਧਾਨ ਸਭਾ ਖੇਤਰ ਲਈ ਉਪ-ਚੋਣ ਹੋਈ ਤੇ ਸਾਲ 2013 'ਚ ਮੋਗਾ, ਸਾਲ 2014 'ਚ ਪਟਿਆਲਾ, ਤਲਵੰਡੀ ਸਾਬੋ, ਸਾਲ 2015 'ਚ ਧੂਰੀ ਤੇ ਸਾਲ 2016 'ਚ ਪੰਜਾਬ 'ਚ ਖਡੂਰ ਸਾਹਿਬ ਵਿਧਾਨ ਸਭਾ ਖੇਤਰ ਲਈ ਉਪ-ਚੋਣਾਂ ਕਰਵਾਉਣੀਆਂ ਪਈਆਂ ਸਨ। ਅੱਜ ਫਿਰ ਤੋਂ ਸੂਬੇ 'ਚ ਕੁਝ ਥਾਵਾਂ 'ਤੇ ਵੋਟਰਾਂ ਨੂੰ ਦੁਬਾਰਾ ਵੋਟਾਂ ਪਾਉਣ-ਿਆਂ ਪਈਆਂ, ਜਿਸ ਦਾ ਬੋਝ ਕਿਤੇ ਨਾ ਕਿਤੇ ਸਿੱਧੇ ਜਾ ਅਸਿੱਧੇ ਤੌਰ 'ਤੇ ਸਰਕਾਰੀ ਖ਼ਜ਼ਾਨੇ 'ਤੇ ਹੀ ਪਿਆ ਹੈ। ਦੱਸਣਯੋਗ ਹੈ ਕਿ ਲੰਘੇ ਪੰਜ ਸਾਲਾਂ ਦੌਰਾਨ ਸੂਬੇ 'ਚ ਜਿੰਨੀਆਂ ਵੀ ਉਪ-ਚੋਣਾਂ ਹੋਈਆਂ, ਉਨ੍ਹਾਂ 'ਚੋਂ ਬਹੁਤੀਆਂ ਕਿਸੇ ਨਾ ਕਿਸੇ ਵਿਧਾਇਕ ਦੇ ਪਾਰਟੀ ਛੱਡਕੇ ਸੱਤਾਧਾਰੀ ਪਾਰਟੀ 'ਚ ਸ਼ਾਮਲ ਹੋਣ ਕਾਰਨ ਕਰਵਾਉਣੀਆਂ ਪਈਆਂ ਸਨ ਤੇ ਪਟਿਆਲਾ ਸੀਟ ਛੱਡਕੇ ਬਾਕੀ ਸਾਰੀਆਂ ਉਪ-ਚੋਣਾਂ ਅਕਾਲੀ-ਭਾਜਪਾ ਗਠਜੋੜ ਨੇ ਹੀ ਜਿੱਤੀਆਂ ਸਨ।

ਸਾਲ 2012 'ਚ ਦਸੂਹਾ ਤੋਂ ਭਾਜਪਾ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਦੀ ਮੌਤ ਕਾਰਨ ਖ਼ਾਲੀ ਹੋਈ ਸੀਟ 'ਤੇ ਉਪ-ਚੋਣ ਕਰਾਉਣੀ ਪਈ। ਇਸੇ ਤਰ੍ਹਾਂ ਸਾਲ 2013 'ਚ ਮੋਗਾ ਦੇ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਜੈਨ ਪਾਰਟੀ ਛੱਡ ਅਕਾਲੀ ਦਲ 'ਚ ਸ਼ਾਮਿਲ ਹੋ ਗਏ ਤੇ ਓਥੇ ਉਪ-ਚੋਣਾ ਕਰਵਾਉਣੀਆਂ ਪਈਆਂ।

ਸਾਲ 2014 'ਚ ਸੂਬੇ 'ਚ ਦੋ ਸੀਟਾਂ 'ਤੇ ਉਪ-ਚੋਣਾਂ ਕਰਵਾਉਣੀਆਂ ਪਈਆਂ ਕਿਉਂਕਿ ਪਟਿਆਲਾ ਦੇ ਵਿਧ-ਾਇਕ ਕੈਪਟਨ ਅਮਰਿੰਦਰ ਸਿੰਘ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਚੁਣੇ ਗਏ ਤੇ ਪਟਿਆਲਾ ਸੀਟ 'ਤੇ ਉਪ-ਚੋਣ ਕਰਵਾਉਣੀ ਪਈ ਤੇ ਇਸੇ ਸਾਲ ਤਲਵੰਡੀ ਸਾਬੋ ਦੇ ਵਿਧਾਇਕ ਜੀਤ ਮੋਹਿੰਦਰ ਸਿੰਘ ਸਿੱਧੂ ਕਾਂਗਰਸ ਛੱਡਕੇ ਗਏ ਤੇ ਉਨ੍ਹਾਂ ਦੇ ਅਸਤੀਫ਼ੇ ਮਗਰੋਂ ਖ਼ਾਲੀ ਹੋਈ ਤਲਵੰਡੀ ਸਾਬੋ ਸੀਟ 'ਤੇ ਉਪ-ਚੋਣਾਂ ਹੋਈਆਂ। ਇਸੇ ਤਰ੍ਹਾਂ ਸਾਲ 2015 'ਚ ਧੂਰੀ ਦੇ ਕਾਂਗਰਸੀ ਵਿਧਾਇਕ ਵਿਧਾਇਕ ਅਰਵਿੰਦ ਖੰਨਾ ਵੱਲੋਂ ਪਾਰਟੀ ਛੱਡ ਕੇ ਅਸਤੀਫ਼ਾ ਦੇਣ ਕਾਰਨ ਸੀਟ ਵਿਹਲੀ ਹੋਈ ਤੇ ਉਪ-ਚੋਣ ਕਰਵਾਉਣੀ ਪਈ।

ਸਾਲ 2015 'ਚ ਹੀ ਸੂਬੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਰੋਸ ਵਜੋਂ ਖਡੂਰ ਸਾਹਿਬ ਤੋਂ ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਵਿਧਾਇਕੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਫਰਵਰੀ 2016 'ਚ ਸੂਬੇ 'ਚ ਮੁੜ ਉਪ-ਚੋਣ ਕਰਵਾਉਣੀ ਪਈ। ਉਪ ਚੋਣਾਂ 'ਚ ਫ਼ਾਇਦਾ ਕਿਸੇ ਵੀ ਪਾਰਟੀ ਨੂੰ ਹੋਇਆ ਹੋਵੇ, ਪਰ ਇੰਨਾ ਉਪ-ਚੋਣਾਂ ਦੇ ਚੱਲਦੇ ਸੂਬੇ ਦੇ ਖ਼ਜ਼ਾਨੇ ਨੂੰ ਵਿੱਤੀ ਬੋਝ ਹੀ ਚੁੱਕਣਾ ਪਿਆ।

# ਏਡਜ਼ ਪੰਜਾਬ 'ਚ ਕੈਂਸਰ ਵਾਂਗ ਪੈਰ ਪਸਾਰ ਰਹੀ ਹੈ

**ਫ਼ਾਜ਼ਿਲਕਾ –** ਕੈਂਸਰ ਦੀ ਤਰ੍ਹਾਂ ਏਡਜ਼ ਵਰਗੀ ਨਾਮੁਰਾਦ ਬਿਮਾਰੀ ਜੋ ਭਾਰਤ ਵਿਚ ਦਿਨ ਬ ਦਿਨ ਪੈਰ ਪਸਾਰ ਰਹੀ ਹੈ, ਹੁਣ ਤੱਕ ਮੈਡੀਕਲ ਤੌਰ 'ਤੇ ਕੀਤੀ ਗਈ ਜਾਂਚ ਵਿਚ ਭਾਰਤ ਅੰਦਰ ਕਰੀਬ 21 ਲੱਖ 17 ਹਜ਼ਾਰ ਲੋਕ ਐਚ.ਆਈ.ਵੀ/ਏਡਜ਼ ਦੇ ਪਾਏ ਗਏ ਹਨ। ਪੰਜਾਬ ਵਰਗੇ ਛੋਟੇ ਜਿਹੇ ਸੂਬੇ ਅੰਦਰ 54 ਹਜ਼ਾਰ 612 ਕੇਸ ਐਚ.ਆਈ.ਵੀ. ਦੇ ਸਾਹਮਣੇ ਆਏ ਹਨ। ਇਹ ਉਹ ਕੇਸ ਹਨ, ਜੋ ਕਿਸੇ ਨਾ ਕਿਸੇ ਬਿਮਾਰੀ ਕਾਰਨ ਸਰਕਾਰੀ ਲੈਬੋਰੇਟਰੀਆਂ 'ਚ ਜਾਂਚ ਲਈ ਆਏ ਹਨ। ਇਸ ਤੋਂ ਇਲਾਵਾ ਅਨੇਕਾਂ ਹੋਰ ਇਸ ਤਰ੍ਹਾਂ ਦੇ ਕੇਸ ਹੋਣਗੇ, ਜੋ ਕਿਸੇ ਕਾਰਨ ਸਰਕਾਰੀ ਅੰਕ-ੜਆ 'ਚ ਨਹੀ ਆਏ। ਕੈਂਸਰ ਵਾਂਗ ਐਚ.ਆਈ.ਵੀ. ਏਡਜ਼ ਦੇ ਸਭ ਤੋਂ ਜਿਆਦਾ ਮਾਮਲੇ ਅੰਮ੍ਰਿਤਸਰ 'ਚ ਪਾਏ ਗਏ ਹਨ। ਅਕਤੂਬਰ 2016 ਤੱਕ ਸਰਕਾਰ ਵੱਲੋਂ ਇਕੱਤਰ ਅੰਕੜਿਆ ਮੁਤਾਬਿਕ ਅੰਮ੍ਰਿਤਸਰ 'ਚ 5 ਲੱਖ 12 ਹਜ਼ਾਰ 509 ਮਰੀਜਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚ 13 ਹਜ਼ਾਰ 896 ਪਾਜ਼ੀਟਿਵ ਪਾਏ ਗਏ, ਜਿਨ੍ਹਾਂ ਦੀ ਦਰ 2.71 ਫ਼ੀਸਦੀ ਬਣਦੀ ਹੈ।

ਦੂਜੇ ਨੰਬਰ 'ਤੇ ਪਟਿਆਲਾ ਜ਼ਿਲ੍ਹਾ ਆਉਂਦਾ ਹੈ, ਜਿਥੇ 3 ਲੱਖ 80 ਹਜ਼ਾਰ 319 ਲੋਕਾਂ ਦੀ ਜਾਂਚ ਹੋਈ, ਜਿਨ੍ਹਾਂ 'ਚੋਂ 6798 ਪਾਜ਼ੀਟਿਵ ਪਾਏ ਗਏ, ਜਿਨ੍ਹਾਂ ਦੀ ਦਰ 1.79 ਫ਼ੀਸਦੀ ਬਣਦੀ ਹੈ। ਤੀਜੇ ਨੰਬਰ 'ਤੇ ਲੁਧਿਆਣਾ ਜ਼ਿਲ੍ਹਾ ਪਾਇਆ ਗਿਆ ਹੈ, ਇਥੇ 5 ਲੱਖ 51 ਹਜ਼ਾਰ 750 ਲੋਕਾਂ ਦੀ ਜਾਂਚ 'ਚੋਂ 6349 ਮਰੀਜ਼ ਐਚ.ਆਈ.ਵੀ. ਪਾਜ਼ੀਟਿਵ ਪਾਏ ਗਏ। ਚੌਥੇ ਨੰਬਰ 'ਤੇ ਜਲੰਧਰ ਜ਼ਿਲ੍ਹਾ ਆਉਂਦਾ ਹੈ, ਜਿੱਥੇ 2 ਲੱਖ 40 ਹਜ਼ਾਰ 359 ਦੀ ਜਾਂਚ 'ਚੋਂ 5656 ਮਰੀਜਾਂ ਦੀ ਪਛਾਣ ਹੋਈ ਹੈ। 5ਵੇਂ ਨੰਬਰ 'ਤੇ ਗੁਰਦਾਸਪੁਰ ਜ਼ਿਲ੍ਹੇ ਦੇ 2 ਲੱਖ 23 ਹਜ਼ਾਰ 513 ਲੋਕਾਂ ਦੀ ਜਾਂਚ ਪਿੱਛੋਂ 2664 ਮਰੀਜ਼ ਪਾਜ਼ੀਟਿਵ ਪਾਏ ਗਏ। 6ਵੇਂ 'ਤੇ ਬਠਿੰਡਾ ਜ਼ਿਲ੍ਹੇ ਦੇ 1 ਲੱਖ 90 ਹਜ਼ਾਰ 869 ਲੋਕਾਂ ਦੀ ਜਾਂਚ 'ਚੋਂ 2167 ਦੇ ਨਮੂਨੇ ਪਾਜ਼ੀਟਿਵ ਹੋਏ। 7ਵੇਂ 'ਤੇ ਤਰਨ ਤਾਰਨ ਜ਼ਿਲ੍ਹਾ ਆਉਂਦਾ ਹੈ, ਜਿੱਥੇ 1 ਲੱਖ 17 ਹਜ਼ਾਰ 983 ਲੋਕਾਂ ਦੀ ਜਾਂਚ ਪਿੱਛੋਂ 2148 ਮਰੀਜ਼ ਇਸ ਨਾਲ ਪ੍ਰਭਾਵਿਤ ਹਨ। ਇਸੇ ਤਰ੍ਹਾਂ ਹੀ 8ਵੇਂ ਨੰਬਰ 'ਤੇ ਹੁਸ਼ਿਆਰਪੁਰ ਜ਼ਿਲ੍ਹੇ 'ਚੋਂ 2 ਲੱਖ 6 ਹਜ਼ਾਰ 608 ਲੋਕਾਂ ਦੀ ਜਾਂਚ ਪਿੱਛੋਂ 1887 ਮਰੀਜ਼ ਪਾਜ਼ੀਟਿਵ ਆਏ ਹਨ। 9ਵੇਂ ਸਥਾਨ 'ਤੇ ਸਰਹੱਦੀ ਜ਼ਿਲ੍ਹਾ ਫ਼ਿਰੋਜ਼ਪੁਰ ਆਉਂਦਾ ਹੈ, ਜਿੱਥੇ 1 ਲੱਖ 24 ਹਜ਼ਾਰ 838 ਦੀ ਜਾਂਚ 'ਚੋਂ 1647 ਮਰੀਜ਼ ਪਾਜ਼ੀਟਿਵ ਆਏ। 10ਵੇਂ 'ਤੇ ਫ਼ਰੀਦਕੋਟ ਜ਼ਿਲ੍ਹੇ 'ਚ 92 ਹਜ਼ਾਰ 970 ਦੀ ਜਾਂਚ 'ਚੋਂ 1618 ਪਾਜ਼ੀਟਿਵ ਪਾਏ ਗਏ। ਮੋਗਾ ਜ਼ਿਲ੍ਹੇ ਦੇ 97 ਹਜ਼ਾਰ 334 'ਚੋਂ 1469 ਮਰੀਜ਼, ਸੰਗਰੂਰ ਜ਼ਿਲ੍ਹੇ ਦੇ 1 ਲੱਖ 97 ਹਜ਼ਾਰ 649 'ਚੋਂ 1458, ਕਪੂਰਥਲਾ ਜ਼ਿਲ੍ਹੇ ਦੇ 12 ਲੱਖ 6 ਹਜ਼ਾਰ 763 ਮਰੀਜਾਂ 'ਚੋਂ 1284, ਰੂਪਨਗਰ ਜ਼ਿਲ੍ਹੇ ਦੇ 13 ਲੱਖ 7 ਹਜ਼ਾਰ 432 ਲੋਕਾਂ 'ਚੋਂ 1162, ਨਵਾਂਸ਼ਹਿਰ 'ਚ 66 ਹਜ਼ਾਰ 939 ਲੋਕਾਂ 'ਚੋਂ 876 ਮਰੀਜ਼, ਮੋਹਾਲੀ ਜ਼ਿਲ੍ਹੇ ਦੇ 1 ਲੱਖ 73 ਹਜ਼ਾਰ 43 ਮਰੀਜਾਂ 'ਚੋਂ 676, ਮਾਨਸਾ ਜ਼ਿਲ੍ਹੇ ਦੇ 1 ਲੱਖ 3 ਹਜ਼ਾਰ 640 'ਚੋਂ 676 ਮਰੀਜ਼, ਪਠਾਨਕੋਟ ਜ਼ਿਲ੍ਹੇ ਦੇ 4 ਹਜ਼ਾਰ 932 ਲੋਕਾਂ 'ਚੋਂ 458 ਮਰੀਜ਼, ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ 'ਚੋਂ 69 ਹਜ਼ਾਰ 49 ਲੋਕਾਂ ਦੀ ਜਾਂਚ 'ਚੋਂ 496, ਸ੍ਰੀਮੁਕਤਸਰ ਸਾਹਿਬ ਜ਼ਿਲ੍ਹੇ ਦੇ 99 ਹਜ਼ਾਰ 210 ਲੋਕਾਂ 'ਚੋਂ 440, ਬਰਨਾਲਾ ਜ਼ਿਲ੍ਹੇ ਦੇ 83 ਹਜ਼ਾਰ 35 ਲੋਕਾਂ 'ਚੋਂ 488, ਫ਼ਾਜ਼ਿਲਕਾ ਜ਼ਿਲ੍ਹੇ ਅੰਦਰ 62 ਹਜ਼ਾਰ 515 ਲੋਕਾਂ ਦੀ ਜਾਂਚ 'ਚੋਂ ਸਿਰਫ 299 ਮਰੀਜਾਂ ਦੇ ਨਮੂਨੇ ਪਾਜ਼ੀਟਿਵ ਪਾਏ ਗਏ ਹਨ, ਜਿਸ ਦੀ ਦਰ 0.48 ਬਣਦੀ ਹੈ। ਇਸ ਤਰ੍ਹਾਂ ਸੂਬੇ ਭਰ 'ਚ ਲੋਕਾਂ ਦੀ ਕੀਤੀ ਜਾਂਚ ਤੋਂ ਬਾਅਦ ਪਾਜ਼ੀਟਿਵ ਮਰੀਜਾਂ ਦੀ ਦਰ 1.40 ਪ੍ਰਤੀਸ਼ਤ ਬਣਦੀ ਹੈ। ਸਰਕਾਰੀ ਅੰਕੜਿਆ ਮੁਤਾਬਿਕ 54612 ਲੋਕ ਐਚ.ਆਈ.ਵੀ./ਏਡਜ਼ ਦੇ ਪੀੜਤ ਹਨ। ਡਾਕਟਰਾਂ ਅਨੁਸਾਰ ਕਈ ਮਰੀਜ਼ ਅਜਿਹੇ ਵੀ ਹਨ, ਜੋ ਅਜੇ ਹਸਪਤਾਲਾਂ ਦੀ ਪਹੁੰਚ ਤੋਂ ਬਾਹਰ ਹਨ ਜਾਂ ਫ਼ਿਰ ਜਿਨ੍ਹਾਂ ਦੀ ਇਸ ਬਿਮਾਰੀ ਕਾਰਨ ਮੌਤ ਹੋ ਚੁੱਕੀ ਹੈ।

# ਸ਼ਰਧਾਲੂਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣਿਆ ਸ੍ਰੀ ਹਰਿਮੰਦਰ ਸਾਹਿਬ ਪਲਾਜ਼ਾ



**ਅੰਮ੍ਰਿਤਸਰ –** ਸੱਚਖੰਡ ਸ੍ਰੀ ਹਰਿਮੰਦਰ ਸਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂ ਸ਼ਰਧਾ ਦੇ ਇਸ ਮੁਕਦੱਸ ਸਥਾਨ 'ਤੇ ਆ ਕੇ ਜਿਥੇ ਆਤਮਿਕ ਸ਼ਾਂਤੀ ਮਹਿਸੂਸ ਕਰਦੇ ਹਨ ਉਥੇ ਇਸ ਦੇ ਬਾਹਰ ਬਣੇ ਪਲਾਜ਼ਾ ਦੇ ਮਲਟੀਮੀਡੀਆ ਗੈਲਰੀਆਂ 'ਚੋਂ ਗੁਰੂਆਂ ਦੇ ਇਤਿਹਾਸ ਤੇ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਿਤ ਜਾਣਕਾਰੀ ਹਾਸਲ ਕਰਕੇ ਜਾਂਦੇ ਹਨ। ਥੋੜ੍ਹੇ ਹੀ ਸਮੇਂ 'ਚ ਇਹ ਪਲਾਜ਼ਾ ਲੋਕਾਂ 'ਚ ਵਿਸ਼ੇਸ਼ ਸਥਾਨ ਬਣਾ ਗਿਆ ਹੈ। ਇਸ ਪਲਾਜ਼ਾ 'ਚ ਚੱਲਣ ਵਾਲੇ ਧਾਰਮਿਕ ਪ੍ਰੋਗਰਾਮਾਂ ਦੇ ਸਮੇਂ 'ਚ ਵਾਧਾ ਕਰਨ ਸਬੰਧੀ ਸ਼ਰਧਾਲੂਆਂ ਵੱਲੋਂ ਮੰਗ ਉੱਠਣ ਲੱਗ ਪਈ ਹੈ। ਅੰਮ੍ਰਿਤਸਰ ਕਲਚਰਲ ਐਂਡ ਟੂਰਿਜ਼ਮ ਡਿਵੈਲਪਮੈਂਟ ਅਥਾਰਟੀ ਦੇ ਪ੍ਰਬੰਧਾਂ ਅਧੀਨ ਚੱਲ ਰਹੇ ਸ੍ਰੀ ਹਰਿਮੰਦਰ ਸਹਿਬ ਦੇ ਬਾਹਰਵਾਰ ਬਣੇ ਜ਼ਮੀਨਦੋਜ਼ ਪਲਾਜ਼ਾ 'ਚ 4 ਗੈਲਰੀਆਂ ਬਣੀਆਂ ਹਨ, ਜਿਸ 'ਚ ਚੱਲਣ ਵਾਲੇ ਧਾਰਮਿਕ ਮਲਟੀਮੀਡੀਆ ਪ੍ਰੋਗਰਾਮ ਨੂੰ ਦੇਖਣ ਲਈ ਕਰੀਬ 50 ਮਿੰਟ ਦਾ ਸਮਾਂ ਲੱਗਦਾ ਹੈ। ਇਹ ਪ੍ਰੋਗਰਾਮ 4 ਵੱਡੀਆਂ ਗੈਲ-ਰੀਆਂ 'ਚ ਚੱਲਦਾ ਹੈ ਇਕ ਸਮੇਂ ਪ੍ਰਤੀ ਗੈਲਰੀ 'ਚ 350 ਵਿਅਕਤੀ ਬੈਠ ਸਕਦੇ ਹਨ। ਪਹਿਲੀ ਗੈਲਰੀ 'ਚ ਦਸ ਗੁਰੂ ਸਾਹਿਬਾਨ ਦੇ ਜੀਵਨ ਸਬੰਧੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਜਦਕਿ ਬਾਕੀ 3 ਗੈਲਰੀਆਂ 'ਚ ਸ੍ਰੀ ਹਰਿਮੰਦਰ ਸਹਿਬ ਦੇ ਇਤਿਹਾਸ, ਸ੍ਰੀ ਹਰਿਮੰਦਰ ਸਾਹਿਬ ਅੰਦਰ ਰੋਜ਼ਾਨਾ ਦੀ ਆਰੰਭਤਾ ਤੋਂ ਸਮਾਪਤੀ ਤੱਕ ਦੀ ਸਾਰੀ ਸੇਵਾ, ਕੀਤਰਨ ਤੇ ਪਾਠ ਬਾਰੇ ਧਾਰਮਿਕ ਜਾਣਕਾਰੀ ਵੱਡੀਆਂ ਸਕਰੀਨਾਂ 'ਤੇ ਦਿਖਾ ਕੇ ਦਿੱਤੀ ਜਾਂਦੀ ਹੈ। ਇਹ ਜਾਣਕਾਰੀ ਪੰਜਾਬੀ ਤੋਂ ਇਲਾਵਾ ਡਿਵਾਇਸ ਰਾਹੀਂ ਅੰਗ੍ਰੇਜੀ ਤੇ ਹਿੰਦੀ 'ਚ ਵੀ ਮੁਹੱਈਆ ਕਰਵਾਈ ਜਾਂਦੀ ਹੈ। ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਇਸ ਪਲਾਜ਼ਾ 'ਚ ਪ੍ਰਵੇਸ਼ ਕਰਨ ਦਾ ਸਮਾਂ ਰੱਖਿਆ ਗਿਆ ਹੈ ਤੇ ਹਰ ਸੋਮਵਾਰ ਨੂੰ ਇਹ ਪਲਾਜ਼ਾ ਬੰਦ ਹੁੰਦਾ ਹੈ, ਪਰ ਸ਼ਰਧਾਲੂਆਂ ਵੱਲੋਂ ਇਸ ਪਲਾਜ਼ਾ ਦਾ ਸਮਾਂ ਸ਼ਾਮ 4 ਵਜੇ ਤੋਂ ਵਧਾ ਕੇ ਰਾਤ 8 ਵਜੇ ਤੱਕ ਤੇ ਸੋਮਵਾਰ ਦੀ ਛੁੱਟੀ ਵੀ ਨਾ ਕੀਤੇ ਜਾਣ ਸਬੰਧੀ ਮੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਅੰਮ੍ਰਿਤਸਰ ਕਲਚਰਲ ਐਂਡ ਟੂਰਿਜ਼ਮ ਡਿਵੈਲਪਮੈਂਟ ਅਥਾਰਟੀ ਦੇ ਜਨਰਲ ਮੈਨੇਜਰ ਤੇਜਇੰਦਰ ਸਿੰਘ ਨੇ ਕਿਹਾ ਕਿ ਪਲਾਜ਼ਾ 'ਚ ਸਾਫਟਵੇਅਰ ਤਕਨੀਕ ਨਾਲ ਸਾਰਾ ਪ੍ਰੋਗਰਾਮ ਚੱਲਦਾ ਹੈ ਤਕਨੀਕੀ ਕਾਰਨਾਂ ਕਰਕੇ ਇਸ ਨੂੰ ਕੁਝ ਸਮਾਂ ਬੰਦ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸੋਮਵਾਰ ਦੀ ਛੁੱਟੀ ਵਾਲੇ ਦਿਨ ਗੈਲਰੀਆਂ 'ਚ ਚੱਲਣ ਵਾਲੀ ਮਸ਼ੀਨਰੀ ਦੀ ਜਾਂਚ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਹ ਪਲਾਜ਼ਾ ਗੁਰੂ ਸਹਿਬ ਦੇ ਸਾਰੇ ਗੁਰਪੁਰਬ ਮੌਕੇ ਵੀ ਖੁੱਲ੍ਹਾ ਰੱਖਿਆ ਜਾਂਦਾ ਹੈ।

# 10 'ਚੋਂ 8 ਭਾਰਤੀਆਂ ਦੇ ਸਰੀਰ 'ਚ ਪ੍ਰੋਟੀਨ ਦੀ ਘਾਟ

**ਨਵੀਂ ਦਿੱਲੀ –** ਭਾਰਤੀ ਦਿਨੋ ਦਿਨ ਵੱਖ-ਵੱਖ ਬਿਮਾਰੀਆਂ ਦੇ ਜਾਲ 'ਚ ਫਸਦੇ ਜਾ ਰਹੇ ਹਨ ਤੇ ਮਾਹਿਰਾਂ ਅਨੁਸਾਰ ਭਾਰਤ 'ਚ 10 'ਚੋਂ 8 ਲੋਕ ਸਰੀਰ 'ਚ ਪ੍ਰੋਟੀਨ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਤਾਜ਼ਾ ਅੰਕੜਿਆਂ ਅਨੁਸਾਰ ਦੇਸ਼ 'ਚ ਬਿਮਾਰੀਆਂ ਨੇ ਇਸ ਕਦਰ ਆਪਣੇ ਪੈਰ ਪਸਾਰ ਲਏ ਹਨ ਕਿ ਹਰੇਕ ਪਰਿਵਾਰ ਦੀ ਔਸਤ ਆਮਦਨੀ ਦਾ 15 ਫੀਸਦੀ ਹਿੱਸਾ ਦਵਾਈਆਂ ਦੀ ਖ਼ਰੀਦੋ ਫ਼ਰੋਖ਼ਤ ਦੀ ਭੇਟ ਚੜ੍ਹ ਜਾਂਦਾ ਹੈ। ਇਹ ਖ਼ੁਲਾਸਾ ਅੱਜ ਇੱਥੇ ਕਿਸਾਨ ਕਮਿਸ਼ਨ ਦੇ ਚੇਅਰਮੈਨ ਤੇ ਪੀ.ਏ.ਯੂ. ਦੇ ਸਾਬਕਾ ਵਾਈਸ ਚਾਂਸਲਰ ਜੀ. ਐਸ. ਕਲਕਟ ਨੇ ਕੀਤਾ। ਉਹ ਆਮ ਜਨਤਾ 'ਚ ਜਾਗਰੂਕਤਾ ਫੈਲਾਉਣਾ ਤੇ ਸਿਹਤਮੰਦ ਜੀਵਨ ਜਿਊਣ ਸਬੰਧੀ ਕਰਵਾਏ ਕੌਮਾਂਤਰੀ ਸੈਮੀਨਾਰ 'ਚ ਹਿੱਸਾ ਲੈਣ ਮੌਕੇ ਉਕਤ ਖ਼ੁਲਾਸੇ ਕਰ ਰਹੇ ਸਨ। ਸੈਮੀਨਾਰ 'ਚ ਸਟ੍ਰੈਂਥ ਤੇ ਕੰਡੀਸ਼ਨਿੰਗ ਐਕਸਪਰਟ ਪ੍ਰੀਤਪਾਲ ਸੰਧੂ, ਕਲਾਸਿਕ ਫਿਟਨੈਸ ਅਕੈਡਮੀ ਦੇ ਪ੍ਰਬੰਧ ਨਿਰਦੇਸ਼ਕ ਡਾ. ਚਿਰਾਗ ਸੇਠੀ, ਪ੍ਰੋਬ੍ਰਸਟ ਦੇ ਨੈਸ਼ਨਲ ਮੈਨੇਜਰ ਅਬਦ ਹਨੀਫ, ਐਨੀਟਾਈਮ ਫਿਟਨੈਸ ਦੇ ਐਨ.ਐਸ.ਐਮ. ਬਿਕਰਮ ਕਾਂਤ ਤੇ ਟਾਰਜਨ. ਕਾਮ ਦੇ ਬੁਲਾਰੇ ਵਿਵੇਕ ਨਾਰਾਇਣ ਸ਼ਰਮਾ ਨੇ ਜਾਣਕਾਰੀ ਭਰਪੂਰ ਖ਼ੁਲਾਸੇ ਕੀਤੇ। ਇਹ ਸੈਮੀਨਾਰ ਲੋਕਾਂ 'ਚ ਪ੍ਰਚਲਿਤ ਇਸ ਧਾਰਨਾ ਨੂੰ ਤੋੜਨ ਦਾ ਮੰਚ ਸਾਬਿਤ ਹੋਇਆ ਕਿ ਭਰਪੂਰ ਪ੍ਰੋਟੀਨ ਵਾਲਾ ਭੋਜਨ ਸਿਰਫ਼ ਐਥਲੀਟਸ ਤੇ ਖਿਡਾਰੀਆਂ ਲਈ ਹੀ ਜ਼ਰੂਰੀ ਹੈ। ਇਸ ਸੈਮੀਨਾਰ 'ਚ ਇਹ ਤੱਥ ਉਭਰਕੇ ਸਾਹਮਣੇ ਆਇਆ ਕਿ ਹਰ ਵਿਅਕਤੀ ਨੂੰ ਆਪਣੇ ਭੋਜਨ 'ਚ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ। ਮਾਹਿਰਾਂ ਨੇ ਦੱਸਿਆ ਕਿ ਪ੍ਰੋਟੀਨ ਦੀ ਘਾਟ ਨਾਲ ਇਨਸਾਨ ਦੇ ਸਰੀਰ 'ਚ ਕਈ ਬਿਮਾਰੀਆਂ ਪੈਦਾ ਹੋ ਸਕਦੀਆਂ ਹਨ ਜੋ ਘਾਤਕ ਹਨ। ਉਨ੍ਹਾਂ ਕਿਹਾ ਭਾਰਤ 'ਚ ਆਮ ਤੌਰ 'ਤੇ ਲੋਕਾਂ 'ਚ ਇਹ ਧਾਰਨਾ ਹੈ ਸਿਰਫ਼ ਖਿਡਾਰੀਆਂ ਤੇ ਐਥਲੀਟਾਂ ਦੇ ਖਾਣੇ 'ਚ ਹੀ ਪ੍ਰੋਟੀਨ ਦਾ ਹੋਣਾ ਜ਼ਰੂਰੀ ਹੈ ਜਦਕਿ ਪ੍ਰੋਟੀਨ ਦਾ ਆਮ ਲੋਕਾਂ ਦੇ ਭੋਜਨ ਦਾ ਅੰਗ ਹੋਣਾ ਵੀ ਜ਼ਰੂਰੀ ਹੈ।

ਮਾਹਿਰਾਂ ਨੇ ਕਿਹਾ ਕਿ ਇਨਸਾਨ ਨੂੰ ਆਪਣੇ ਸਰੀਰਕ ਭਾਰ ਦੇ ਅਨੁਸਾਰ ਹਰ ਕਿੱਲੋ ਲਈ .80 ਫੀਸਦੀ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ। ਇਸ ਦੀ ਘਾਟ ਨਾਲ ਸਰੀਰ ਦੀ ਪਾਚਨ ਕਿਰਿਆ ਵਿਗੜ ਜਾਂਦੀ ਹੈ ਤੇ ਸਰੀਰ 'ਚ ਫੈਟ ਦੀ ਮਾਤਰਾ ਇਕੱਠੀ ਹੋਣ ਲਗਦੀ ਹੈ, ਜਿਸ ਨਾਲ ਅੱਗੇ ਚੱਲ ਕੇ ਕਈ ਬਿਮਾਰੀਆਂ, ਜਿਵੇਂ ਡਾਇਬਿਟੀਜ਼, ਬਲੱਡ ਪ੍ਰੈਸ਼ਰ, ਮੋਟਾਪਾ ਤੇ ਤਣਾਅ ਸਰੀਰ 'ਚ ਪੈਦਾ ਹੋ ਸਕਦੀਆਂ ਹਨ। ਸੱਚ ਤਾਂ ਇਹ ਹੈ ਕਿ ਪ੍ਰੋਟੀਨ ਸਿਹਤਮੰਦ ਸਰੀਰ ਲਈ ਜ਼ਰੂਰੀ ਸੰਤੁਲਿਤ ਅਭਿੰਨ ਅੰਗ ਹੈ। ਉਨ੍ਹਾਂ ਕਿਹਾ ਕਿ ਭਰਪੂਰ ਪ੍ਰੋਟੀਨ ਯੁਕਤ ਆਹਾਰ ਸਿਰਫ਼ ਪੁਰਸ਼ਾਂ ਲਈ ਹੀ ਨਹੀਂ ਉਨ੍ਹਾ ਮਹਿਲਾਵਾਂ ਲਈ ਵੀ ਜ਼ਰੂਰੀ ਹੈ, ਜਿਹੜੀਆਂ ਘਰ 'ਚ ਰਹਿ ਕੇ ਘਰੇਲੂ ਕੰਮ ਕਰਦੀਆਂ ਹਨ।

# ਪੰਜਾਬ ਚੋਣਾਂ ਲਈ ਬਾਹਰੋਂ ਆਈ ਫੋਰਸ ਨੇ ਖਾਧੇ ਵੱਖਰੇ ਤਰ੍ਹਾਂ ਦੇ ਪਕਵਾਨ

ਚੰਡੀਗੜ੍ਹ – ਪੰਜਾਬ 'ਚ ਚੋਣਾਂ ਲਈ ਕੋਈ ਇਕ ਦਰਜਨ ਤੋਂ ਵੱਧ ਰਾਜਾਂ ਦੀ ਆਈ ਪੁਲਿਸ ਫੋਰਸ ਦੀਆਂ ਖਾਣ ਪੀਣ ਦੀਆਂ ਵੱਖਰੀਆਂ ਆਦਤਾਂ ਵੱਖਰੇ ਰਹਿਣ ਸਹਿਣ ਤੇ ਵੱਖਰੀ ਬੋਲੀ ਕਾਰਨ ਉਨ੍ਹਾਂ ਨੂੰ ਪੰਜਾਬ 'ਚ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਨ ਲਈ ਰਾਜ ਸਰਕਾਰ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਲੇਕਿਨ ਸਭ ਤੋਂ ਅਜੀਬ ਮੰਗ ਪੰਜਾਬ ਲਈ ਨਾਗਾਲੈਂਡ, ਮਿਜ਼ੋਰਮ ਅਤੇ ਤ੍ਰਿਪੁਰਾ ਵਰਗੇ ਰਾਜਾਂ ਦੀ ਪੁਲਿਸ ਫੋਰਸ ਵੱਲੋਂ ਰੱਖੀ ਗਈ ਜਿਨ੍ਹਾਂ ਦਾ ਕਹਿਣਾ ਸੀ ਕਿ ਉਹ ਮਾਸਾਹਾਰੀ ਹਨ ਅਤੇ ਕੇਵਲ ਸ਼ਾਕਾਹਾਰੀ ਭੋਜਨ ਨਹੀਂ ਖਾ ਸਕਦੇ। ਪੁਲਿਸ ਦੇ ਅਧਿਕਾਰੀਆਂ ਨੇ ਜਦੋਂ ਉਨ੍ਹਾਂ ਨੂੰ ਬੱਕਰੇ ਅਤੇ ਚਿਕਨ ਦੀ ਪੇਸ਼ਕਸ਼ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਉਹ ਇਹ ਮੀਟ ਪਸੰਦ ਨਹੀਂ ਕਰਦੇ ਬਲਕਿ ਉਹ ਕੁੱਤਿਆਂ ਦਾ ਮੀਟ ਖਾਣ ਦੀ ਆਦੀ ਹਨ ਜਦੋਂਕਿ ਉਹ ਚੂਹੇ ਤੇ ਸੱਪ ਆਦਿ ਵੀ ਖਾਂਦੇ ਹਨ। ਰਾਜ ਦੇ ਅਧਿਕਾਰੀ ਉਨ੍ਹਾਂ ਦੀ ਮੰਗ ਸੁਣ ਕੇ ਹੱਕੇ ਬੱਕੇ ਰਹਿ ਗਏ ਅਤੇ ਉਨ੍ਹਾਂ ਦੱਸਿਆ ਕਿ ਰਾਜ ਵਿਚ ਉਕਤ ਕਿਸਮ ਦਾ ਮੀਟ ਉਪਲਬਧ ਨਹੀਂ ਹੈ। ਇਸ 'ਤੇ ਬਾਹਰਲੀ ਫੋਰਸ ਦੇ ਅਧਿਕਾਰੀਆਂ ਕਿਹਾ ਕਿ ਉਹ ਆਵਾਰਾ ਕੁੱਤਿਆਂ ਆਦਿ ਨੂੰ ਕਾਬੂ ਕਰ ਸਕਦੇ ਹਨ ਪ੍ਰੰਤੂ ਰਾਜ ਸਰਕਾਰ ਦੇ ਅਧਿਕਾਰੀਆਂ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਅਗਰ ਕੋਈ ਵੀ ਪਾਲਤੂ ਕੁੱਤਾ ਉਨ੍ਹਾਂ ਵੱਲੋਂ ਕਾਬੂ ਕਰਨ ਸਬੰਧੀ ਸ਼ਿਕਾਇਤ ਆਉਂਦੀ ਹੈ ਤਾਂ ਸਾਨੂੰ ਕਾਰਵਾਈ ਕਰਨੀ ਪਵੇਗੀ। ਲੇਕਿਨ ਉਕਤ ਰਾਜਾਂ ਦੀ ਫੋਰਸ ਨੇ ਪਿੰਡਾਂ ਵਿਚ ਤੁਰੇ ਫਿਰਦੇ ਆਵਾਰਾ ਕੁੱਤੇ ਚੁੱਕਣੇ ਸ਼ੁਰੂ ਕਰ ਦਿੱਤੇ ਅਤੇ ਰੋਜ਼ਾਨਾ ਉਹ ਅਜਿਹੇ 70-80 ਅਜਿਹੇ ਕੁੱਤੇ ਚੁੱਕਦੇ ਰਹੇ ਜਿਨ੍ਹਾਂ ਨੂੰ ਕੱਟਣ ਅਤੇ ਬਨਾਉਣ ਦਾ ਕੰਮ ਵੀ ਉਨ੍ਹਾਂ ਦੇ ਆਪਣੇ ਯੂਨਿਟਾਂ ਦੇ ਲਾਂਗਰੀ ਕਰਦੇ ਰਹੇ। ਰਾਜ ਸਰਕਾਰ ਦੇ ਸੂਤਰਾਂ ਅਨੁਸਾਰ ਇਨ੍ਹਾਂ ਰਾਜਾਂ ਦੀ ਪੁਲਿਸ ਦੇ ਕਰਮਚਾਰੀ ਕੁੱਤਿਆਂ ਨੂੰ ਕਾਬੂ ਕਰਨ ਵਿਚ ਕਾਫ਼ੀ ਮਾਹਿਰ ਸਨ ਅਤੇ ਬਿਨਾਂ ਕਿਸੇ ਮੁਸ਼ਕਿਲ ਬੜੀ ਤਕਨੀਕ ਨਾਲ ਕੋਈ ਹੱਲਾ-ਗੁੱਲਾ ਕੀਤੇ ਬਿਨਾਂ ਉਹ ਕੁੱਤਾ ਚੁੱਕ ਕੇ ਗੱਡੀ ਵਿਚ ਸੁੱਟ ਲੈਂਦੇ ਸਨ। ਵਰਨਣਯੋਗ ਹੈ ਕਿ ਮਿਜ਼ੋਰਮ ਦੀਆਂ 5 ਕੰਪਨੀਆਂ ਸੰਗਰੂਰ ਵਿਚ ਤਾਇਨਾਤ ਸਨ, ਜਦੋਂਕਿ ਨਾਗਾਲੈਂਡ ਦੀਆਂ 11 ਕੰਪਨੀਆਂ ਹੁਸ਼ਿਆਰਪੁਰ ਅਤੇ ਇੱਕ ਕੰਪਨੀ ਮਾਨਸਾ ਵਿਚ ਤਾਇਨਾਤ ਸੀ। ਤ੍ਰਿਪੁਰਾ ਦੀਆਂ 8 ਕੰਪਨੀਆਂ ਜਲੰਧਰ ਦਿਹਾਤੀ ਵਿਚ ਤਾਇਨਾਤ ਸਨ ਪ੍ਰੰਤੂ ਉਨ੍ਹਾਂ ਸਬੰਧੀ ਕੋਈ ਵਿਸ਼ੇਸ਼ ਅਜਿਹੀ ਰਿਪੋਰਟ ਜਨਤਕ ਨਹੀਂ ਹੋਈ। ਲੇਕਿਨ ਉੱਤਰ ਪੂਰਬੀ ਰਾਜਾਂ ਦੇ ਲੋਕਾਂ ਦਾ ਬਾਕੀ ਦੇਸ਼ ਨਾਲੋਂ ਬਿਲਕੁੱਲ ਵੱਖਰਾ ਖਾਣ-ਪੀਣ ਹੋਣ ਕਾਰਨ ਉਕਤ ਰਾਜਾਂ ਦੀ ਫੋਰਸ ਨੇ ਆਪਣੀਆਂ ਲੋੜਾਂ ਦਾ ਪ੍ਰਬੰਧ ਆਪਣੇ ਪੱਧਰ 'ਤੇ ਹੀ ਕਰਨ ਦੀ ਕੋਸ਼ਿਸ਼ ਕੀਤੀ। ਦਿਲਚਸਪ ਗੱਲ ਇਹ ਹੈ ਕਿ ਕਈ ਪਿੰਡਾਂ ਅਤੇ ਸ਼ਹਿਰੀ ਖੇਤਰਾਂ ਵਿਚੋਂ ਮਗਰਲੇ ਕਾਫ਼ੀ ਸਮੇਂ ਤੋਂ ਆਵਾਰਾ ਕੁੱਤਿਆਂ ਦੀ ਦਹਿਸ਼ਤ ਸਬੰਧੀ ਪੰਜਾਬ ਵਿਧਾਨ ਸਭਾ ਅਤੇ ਅਖ਼ਬਾਰਾਂ ਵਿਚ ਵੀ ਕਾਫ਼ੀ ਮੁੱਦਾ ਉੱਠਦਾ ਰਿਹਾ ਹੈ। ਲੇਕਿਨ ਉਕਤ ਰਾਜਾਂ ਦੀ ਫੋਰਸ ਨੇ ਜਿਵੇਂ ਤਾਇਨਾਤੀ ਵਾਲੇ ਖੇਤਰਾਂ ਵਿਚ ਆਵਾਰਾ ਕੁੱਤਿਆਂ ਦਾ ਸਫ਼ਾਇਆ ਕੀਤਾ ਉਸ ਕਾਰਨ ਕਈ ਥਾਵਾਂ 'ਤੇ ਸਥਾਨਕ ਲੋਕਾਂ ਰਾਹਤ ਵੀ ਮਹਿਸੂਸ ਕੀਤੀ ਅਤੇ ਕਈ ਥਾਵਾਂ 'ਤੇ ਆਵਾਰਾ ਕੁੱਤਿਆਂ ਸਬੰਧੀ ਸਥਾਨਕ ਲੋਕਾਂ ਵੱਲੋਂ ਉਕਤ ਫੋਰਸ ਨੂੰ ਜਾਣਕਾਰੀ ਵੀ ਦਿੱਤੀ। ਸੂਚਨਾ ਅਨੁਸਾਰ ਉਕਤ ਫੋਰਸ ਦੇ ਬੰਦਿਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਪੰਜਾਬੀ ਪਨਸਾਰੀਆਂ ਦੀਆਂ ਦੁਕਾਨਾਂ ਅਤੇ ਢਾਬਿਆਂ ਆਦਿ 'ਤੇ ਕਾਫ਼ੀ ਚੂਹੇ ਉਪਲਬਧ ਰਹਿੰਦੇ ਹਨ ਤਾਂ ਉਨ੍ਹਾਂ ਅਜਿਹੇ ਕੁਝ ਥਾਵਾਂ ਤੋਂ ਚੂਹਿਆਂ ਸਬੰਧੀ ਵੀ ਪੁੱਛਗਿੱਛ ਕੀਤੀ ਪ੍ਰੰਤੂ ਬਹੁਤੇ ਚੂਹੇ ਉਪਲਬਧ ਨਹੀਂ ਹੋ ਸਕੇ। ਜਦਕਿ ਪੱਛਮੀ ਬੰਗਾਲ ਦੀ ਫੋਰਸ ਮੱਛੀ ਆਦਿ ਜ਼ਰੂਰ ਲੱਭਦੀ ਰਹੀ। ਗੁਜਰਾਤ ਤੋਂ ਆਉਣ ਵਾਲੀਆਂ 10 ਕੰਪਨੀਆਂ ਜੋ ਕਿ ਰੋਪੜ, ਮੁਹਾਲੀ ਤੇ ਫ਼ਤਿਹਗੜ੍ਹ ਵਿਚ ਤਾਇਨਾਤ ਸਨ ਅਤੇ ਤੇਲੰਗਾਨਾ ਤੋਂ ਆਈਆਂ 2 ਕੰਪਨੀਆਂ ਜੋ ਸ਼ਹੀਦ ਭਗਤ ਸਿੰਘ ਨਗਰ ਅਤੇ ਆਂਧਰਾ ਪ੍ਰਦੇਸ਼ ਤੋਂ ਆਉਣ ਵਾਲੀਆਂ 3 ਕੰਪਨੀਆਂ ਜੋ ਮੁਹਾਲੀ ਵਿਚ ਤਾਇਨਾਤ ਸਨ ਕੋਲ ਗਰਮ ਕੱਪੜੇ ਅਤੇ ਜਰਸੀਆਂ ਨਹੀਂ ਸਨ।

# ਧਰਤੀ ਦੀ ਪਰਤ ਦਾ ਵਧਣਾ ਭਾਰਤ 'ਚ ਭੂਚਾਲ ਆਉਣ ਦਾ ਮੁੱਖ ਕਾਰਨ

**ਚੰਡੀਗੜ੍ਹ –** ਭਾਰਤ 'ਚ ਧਰਤੀ ਦੀ ਪਰਤ ਦੇ ਕੁਦਰਤੀ ਤੌਰ 'ਤੇ ਦੱਖਣ ਤੋ ਉਤਰ ਪੂਰਬ ਵੱਲ ਯੂਰੇਸ਼ੀਅਨ ਪਰਤ ਨਾਲ ਟਕਰਾਉਣ ਕਾਰਨ ਹਿਮਾਲਿਆ 'ਚ ਜ਼ਿਆਦਾਤਰ ਭੂਚਾਲ ਆਉਂਦੇ ਹਨ। ਇਸ ਸਬੰਧੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਭੂਮੀ ਵਿਗਿਆਨ ਵਿਭਾਗ ਦੇ ਡਾ. ਮਹੇਸ਼ ਠਾਕੁਰ ਨੇ ਦੱਸਿਆ ਕਿ ਅੱਜ ਤੋਂ ਲਗਭਗ 250 ਕਰੋੜ ਸਾਲ ਪਹਿਲਾਂ ਭਾਰਤ ਦੀ ਪਲੇਟ ਯੂਰੇਸ਼ੀਅਨ ਪਲੇਟ ਨਾਲ ਟਕਰਾਉਣ ਕਾਰਨ ਹਿਮਾਲਿਆ ਪਰਬਤ ਬਣਿਆ ਸੀ। ਹਿੰਦ ਮਹਾਂਸਾਗਰ 'ਚ ਬਣਨ ਵਾਲਾ ਲਾਵਾ ਭਾਰਤ ਦੀ ਪਲੇਟ ਨੂੰ ਉਤਰ ਪੂਰਬ ਯੂਰੇਸ਼ੀਅਨ ਪਲੇਟ ਵੱਲ ਧੱਕ ਰਿਹਾ ਹੈ, ਜਿਸ ਕਾਰਨ ਹਿਮਾਲਿਆ 'ਚ ਜ਼ਿਆਦਾਤਰ ਭੂਚਾਲ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਮਨਿਸਟਰੀ ਆਫ਼ ਅਰਥ ਸਾਇੰਸ (ਐਮ. ਆਈ. ਐਫ਼. ਐਸ.) ਦੇ ਸਹਿਯੋਗ ਨਾਲ ਪੰਜਾਬ 'ਵਰਸਿਟੀ ਦੇ ਭੂਮੀ ਵਿਗਿਆਨ ਵਿਭਾਗ ਨੂੰ ਭੂਚਾਲਾਂ ਸਬੰਧੀ ਖੋਜ ਲਈ ਇਕ ਪ੍ਰੋਜੈਕਟ ਸਾਪਿਆ ਗਿਆ ਹੈ, ਜਿਸ ਵਿਚ ਘੱਗਰ ਨਦੀ ਤੋ ਲੈ ਕੇ ਹਰਿਦੁਆਰ ਤੱਕ ਦਾ ਇਲਾਕਾ ਸ਼ਾਮਿਲ ਹੈ। ਪ੍ਰੋਜੈਕਟ ਤਹਿਤ ਸੈਟਲਾਈਟ ਰਾਹੀਂ ਭੂਚਾਲ ਕਾਰਨ ਧਰਤੀ 'ਤੇ ਬਣਨ ਵਾਲੇ ਫਾਲਟਾਂ (ਦਰਾਰਾਂ) ਦੀ ਨਿਸ਼ਾਨਦੇਹੀ ਕਰਕੇ ਨਕਸ਼ਾ ਬਣਾ ਕੇ ਕੇਂਦਰ ਸਰਕਾਰ ਨੂੰ ਸਾਪਿਆ ਜਾਵੇਗਾ। ਡਾ.ਠਾਕੁਰ ਨੇ ਦੱਸਿਆ ਕਿ ਖੋਜ 'ਚ ਚੰਡੀਗੜ੍ਹ ਦੇ ਆਸ-ਪਾਸ ਦੇ ਇਲਾਕਿਆਂ 'ਚ ਕਈ ਫਾਲਟ (ਦਰਾਰ ਜਾਂ ਉਚਾਈ) ਪਾਏ ਗਏ ਹਨ, ਇਨ੍ਹਾਂ 'ਚੋ ਇਕ ਪਿੰਜੌਰ ਪਾਰਕ 'ਚ ਵੀ ਮੌਜੂਦ ਹੈ, ਜਿਸ 'ਤੇ ਹੁਣ ਪੌੜੀਆਂ ਬਣਾਈਆਂ ਗਈਆਂ ਹਨ।

# ਅਮਰੀਕਾ ਦੇ ਸਭ ਤੋਂ ਵੱਡੇ ਡੈਮ ਦੇ ਟੁੱਟਣ ਦੇ ਖਤਰੇ ਨੂੰ ਲੈਕੇ ਨਾਲ ਲਗਦੇ ਇਲਾਕਿਆਂ ਵਿਚ ਬੇਘਰ ਹੋਏ ਹਜ਼ਾਰਾਂ ਲੋਕਾਂ ਲਈ ਗੁਰਦੁਆਰਾ ਸਾਹਿਬ ਸਹਾਰਾ ਬਣੇ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਸਭ ਤੋਂ ਵੱਡੇ ਡੈਮ ਦੇ ਟੁੱਟਣ ਦੇ ਖਤਰੇ ਨੂੰ ਲੈਕੇ ਨਾਲ ਲਗਦੇ ਇਲਾਕਿਆਂ ਵਿਚ ਬੇਘਰ ਹੋਏ ਹਜ਼ਾਰਾਂ ਲੋਕਾਂ ਲਈ ਗੁਰਦੁਆਰਾ ਸਾਹਿਬ ਸਹਾਰਾ ਬਣੇ ਹਨ ਜਿਥੇ ਉਨ੍ਹਾਂ ਨੇ ਆ ਕੇ ਸ਼ਰਨ ਲਈ ਹੈ। ਪੱਛਮੀ ਸੈਕਰਾਮੈਂਟੋ ਸਥਿਤ ਗੁਰਦੁਆਰਾ ਸਾਹਿਬ ਦੀ ਦੋ ਮੰਜ਼ਿਲੀ ਇਮਾਰਤ ਵਿਚ ਵੱਡੀ ਗਿਣਤੀ ਵਿਚ ਕੇਂਦਰੀ ਘਾਟੀ ਦੇ ਸਿਖ ਭਾਈਚਾਰੇ ਦੇ ਲੋਕ ਸੁਰਖਿਆ ਗਾਰਡ, ਅਧਿਆਪਕ, ਕਿਸਾਨ ਅਤੇ ਹੋਰ ਮੈਂਬਰ ਠਹਿਰੇ ਹੋਏ ਹਨ। ਗੁਰਦੁਆਰੇ ਵਲੋਂ ਸਾਰੇ ਲੋਕਾਂ ਲਈ ਲੰਗਰ ਤੇ ਰਹਿਣ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ। ਗੁਰਦੁਆਰੇ ਦੇ ਸੇਵਾਦਾਰ ਦਿਨ ਰਾਤ ਇਕ ਕਰ ਰਹੇ ਹਨ ਸੇਵਾ ਵਿਚ। 7 ਘੰਟਿਆਂ ਤੱਕ ਟਰੈਫਿਕ ਵਿਚ ਫਸੇ ਹੋਏ ਲੋਕ ਤੜਕੇ ਤੱਕ ਗੁਰਦੁਆਰਾ ਸਾਹਿਬ ਪਹੁੰਚਦੇ ਰਹੇ। ਗੁਰਦੁਆਰੇ ਦੇ ਬੁਲਾਰੇ ਦਰਸ਼ਨ ਸਿੰਘ ਮੁੰਡੀ ਨੇ ਦਸਿਆ ਕਿ ਇਹ ਗੁਰਦੁਆਰਾ ਅਮਰੀਕਾ ਦਾ ਸਭ ਤੋਂ ਪੁਰਾਣੇ ਗੁਰਦੁਆਰਿਆਂ ਵਿਚੋਂ ਇਕ ਹੈ ਤੇ ਇਥੇ ਅਕਸਰ ਐਤਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਲਈ ਲੰਗਰ ਤਿਆਰ ਹੁੰਦਾ ਹੈ। ਗੁਰਦੁਆਰਾ ਸਾਹਿਬ ਪਹੁੰਚਣ ਵਾਲੇ ਜਿਆਦਾਤਰ ਲੋਕ ਯੂਬਾ ਸਿਟੀ, ਮੈਰੀਸਵਿਲੇ, ਓਲਾਈਵਹਰਸਟ ਅਤੇ ਉਤਰੀ ਸੈਕਰਾਮੈਂਟੋ ਦੇ ਹੋਰ ਇਲਾਕਿਆਂ ਵਿਚੋਂ ਹਨ ਤੇ ਬਹੁਤੇ ਕਿਸਾਨੀ ਕਰਨ ਵਾਲੇ ਪੰਜਾਬੀ ਪਰਿਵਾਰ ਹੀ ਹਨ। ਯੂਬਾ ਸਿਟੀ ਤੇ ਮੈਰੀਸਵਿਲੇ ਇਲਾਕੇ ਵਿਚ 40,000 ਤੋਂ ਵੱਧ ਸਿਖ ਰਹਿੰਦੇ ਹਨ ਜਦ ਕਿ ਗਰੇਟਰ ਸੈਕਰਾਮੈਂਟੋ ਵਿਚ 70,000 ਤੋਂ ਵੱਧ ਆਬਾਦੀ ਸਿੱਖਾਂ ਦੀ ਹੈ।

ਇਥੇ ਦਸਣਯੋਗ ਹੈ ਕਿ ਭਾਵੇਂ ਕਿ ਸਿਖਾਂ ਨੂੰ ਅਮ-ਰੀਕਾ ਵਿਚ ਨਫਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ ਫਿਰ ਵੀ ਇਸ ਦੁਖ ਦੀ ਘੜੀ ਵਿਚ ਸਿਖ ਭਾਈਚਾਰੇ ਦੇ ਲੋਕ ਭੁਖੇ, ਤੇ ਬੇਘਰੇ ਲੋਕਾਂ ਦੀ ਸਹਾਇਤਾ ਲਈ ਅੱਗੇ ਆਏ ਹਨ ਕਿਉਂਕਿ ਸੇਵਾ ਹੀ ਉਨ੍ਹਾਂ ਦਾ ਸਰਬੋਤਮ ਧਰਮ ਹੈ।

ਇਸ ਤੋਂ ਇਲਾਵਾ ਹੋਰਨਾਂ ਫਿਰਕੇ ਦੇ ਲੋਕ ਵੀ ਆਪਣੇ ਛੋਟੇ ਛੋਟੇ ਬੱਚੇ ਲੈਕੇ ਗੁਰਦੁਆਰਾ ਸਾਹਿਬ ਪਹੁੰਚ ਰਹੇ ਹਨ। ਇਥੇ ਪਹੁੰਚੇ ਲਿਓਨ ਨਾਂਅ ਦੇ ਇਕ ਗੋਰੇ ਨੇ ਦਸਿਆ ਕਿ ਟੱਰਕ ਵਿਚ ਸੌਣ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਗੁਰਦੁਆਰਾ ਵਿਚ ਸ਼ਰਮ ਬਾਰੇ ਪਤਾ ਲਗਾ ਤਾਂ ਉਹ ਭੁਖਣ ਬਾਣੇ ਇਥੇ ਪਹੁੰਚੇ ਜਿਥੇ ਸਿਖਾਂ ਨੇ ਉਨ੍ਹਾਂ ਨੇ ਚਾਹ ਦੇ ਹੋਰ ਪਕਵਾਨਾਂ ਨਾਲ ਖੂਬ ਸੇਵਾ ਕੀਤੀ।

ਉਸ ਦਾ ਕਹਿਣਾ ਸੀ ਕਿ ਉਹ ਤੇ ਉਸ ਦਾ ਪਰਿਵਾਰ ਸਿਖ ਭਾਈਚਾਰੇ ਦਾ ਰਿਣੀ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਰਹਿਣ ਲਈ ਕਮਰਾ ਦਿੱਤਾ। ਉਨ੍ਹਾਂ ਨੇ ਕਿਹਾ ਸਾਨੂੰ ਪਤਾ ਲਗਾ ਕਿ ਅਸੀ ਇਕ ਮਹੀਨਾ ਨਹੀ ਆਪਣੇ ਘਰ ਜਾ ਸਕਦੇ ਪਰ ਸਿਖਾਂ ਵਲੋਂ ਕੀਤੀ ਜਾ ਰਹੀ ਸੇਵਾ ਤੋਂ ਉਹ ਬਹੁਤ ਖੁਸ਼ ਹਨ।

# ਸਿਆਸੀ ਆਗੂਆਂ ਨੇ ਪੱਗਾਂ ਬੰਨ੍ਹ ਕੇ ਸਿੱਖ ਵੋਟਰਾਂ ਲੁਭਾਇਆ






**ਅੰਮ੍ਰਿਤਸਰ** –ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਸਿੱਖ ਵੋਟਰਾਂ ਨੂੰ ਰਿਝਾਉਣ ਲਈ ਰਾਜਸੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਵੱਲੋਂ ਰੰਗ ਬਿਰੰਗੀਆਂ ਦਸਤਾਰਾਂ (ਪੱਗਾਂ) ਬੰਨ ਕੇ ਕੀਤਾ ਗਿਆ ਚੋਣ ਪ੍ਰਚਾਰ ਦੇਖੋ ਵੋਟਾਂ ਦੇ ਨਤੀਜਿਆਂ ਵਾਲੇ ਦਿਨ ਕੀ ਰੰਗ ਦਿਖਾਉਂਦਾ ਹੈ। ਕੁਝ ਸਾਲਾਂ ਤੋਂ ਇਹ ਰਿਵਾਜ ਹੀ ਚੱਲ ਪਿਆ ਹੈ ਕਿ ਜਦੋਂ ਵੀ ਕਿਸੇ ਪਾਰਟੀ ਦਾ ਅਹਿਮ ਨੇਤਾ ਪੰਜਾਬ ਵਿਚ ਕਿਸੇ ਰੈਲੀ ਜਾਂ ਮੁੱਖ ਸਮਾਗਮ ’ਤੇ ਆਉਂਦੇ ਹਨ ਤਾਂ ਲੋਕਾਂ ਦਾ ਪਿਆਰ ਕਬੂਲਣ ਲਈ ਪੱਗ ਬੰਨਣੀ ਨਹੀਂ ਭੁੱਲਦੇ। ਇਨ੍ਹਾਂ ਕੌਮੀ ਪੱਧਰ ’ਤੇ ਆਗੂਆਂ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਕਾਲੀ-ਭਾਜਪਾ ਉਮੀਦਵਾਰਾਂ ਲਈ 27 ਜਨਵਰੀ ਨੂੰ ਆਪਣੀ ਜਲੰਧਰ ਫੇਰੀ ਦੌਰਾਨ ਕੀਤੀ ਚੋਣ ਰੈਲੀ ਮੌਕੇ ਕੇਸਰੀ ਰੰਗ ਦੀ ਪੱਗ ਬੰਨ ਕੇ ਲੋਕਾਂ ਨੂੰ ਵੋਟਾਂ ਪਾਉਣ ਲਈ ਅਪੀਲ ਕੀਤੀ ਗਈ ਸੀ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ 30 ਜਨਵਰੀ ਨੂੰ ਭਾਜਪਾ ਉਮੀਦਵਾਰਾਂ ਦੇ ਹੱਕ ’ਚ ਚੋਣ ਪ੍ਰਚਾਰ ਕਰਨ ਲਈ ਅੰਮ੍ਰਿਤਸਰ ਆਏ ਸਨ ਤਾਂ ਉਨ੍ਹਾਂ ਨੂੰ ਬੰਨੀ ਬੰਨਾਈ ਕੇਸਰੀ ਰੰਗ ਦੀ ਪੱਗ ਮੰਚ ’ਤੇ ਬੈਠਿਆਂ ਹੀ ਭਾਜਪਾ ਤੇ ਅਕਾਲੀ ਆਗੂਆਂ ਵੱਲੋਂ ਸਿਰ ’ਤੇ ਸਜਾਈ ਗਈ ਸੀ।

ਕਾਂਗਰਸ ਤੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੀ 28 ਜਨਵਰੀ ਦੀ ਮਜੀਠਾ ਫੇਰੀ ਮੌਕੇ ਤਾਂ ਭਾਵੇਂ ਪੱਗ ਨਹੀਂ ਸੀ ਬੰਨੀ, ਪਰ 28 ਜਨਵਰੀ ਦੀ ਫਿਲੌਰ ਰੈਲੀ ਮੌਕੇ ਗੁਲਾਬੀ ਰੰਗ ਦੀ ਪੱਗ ਬੰਨ ਕੇ ਹੀ ਰੈਲੀ ਦੇ ਮੰਚ ’ਤੇ ਗਏ ਸਨ। ’ਆਪ’ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੀ ਪਿੱਛੇ ਨਹੀਂ ਰਹੇ। ਉਨ੍ਹਾਂ ਵੀ ਆਪਣੀ 14 ਦਸੰਬਰ ਦੀ ਮਜੀਠਾ ਰੈਲੀ ਮੌਕੇ ਪੰਜਾਬ ’ਚ ਹੋਰ ਥਾਂਵਾਂ ’ਤੇ ਆਪਣੇ ਸਿਰ ’ਤੇ ਦਸਤਾਰਾਂ ਸਜਾ ਕੇ ਹੀ ’ਆਪ’ ਉਮੀਦਵਾਰਾਂ ਦੇ ਹੱਕ ’ਚ ਚੋਣ ਪ੍ਰਚਾਰ ਕੀਤਾ ਸੀ।

# ਸਿੱਖਾਂ ਸਬੰਧੀ ਚੁਟਕਲੇ: ਸਿੱਖਾਂ ਲਈ ਵਿਸ਼ੇਸ਼ ਗਾਈਡਲਾਈਨ ਬਨਾਉਣ ਤੋਂ ਨਾਂਹ

**ਨਵੀਂ ਦਿੱਲੀ** – ਸਿੱਖਾਂ ’ਤੇ ਬਣਾਏ ਜਾਂਦੇ ਚੁਟਕਲਿਆਂ ਦੇ ਮਾਮਲੇ ’ਚ ਸੁਪਰੀਮ ਕੋਰਟ ਨੇ ਕਿਹਾ ਕਿ ਇਸ ਸਬੰਧੀ ਨੈਤਿਕ ਦਿਸ਼ਾ ਨਿਰਦੇਸ਼ ਜਾਰੀ ਨਹੀਂ ਕੀਤੇ ਜਾ ਸਕਦੇ। ਅਦਾਲਤ ਨੇ ਕਿਹਾ ਕਿ ਇਹ ਬੇਹੱਦ ਮੁਸ਼ਕਲ ਕੰਮ ਹੈ ਕਿ ਕਿਸੇ ਭਾਈਚਾਰੇ ਲਈ ਵਿਸ਼ੇਸ਼ ਗਾਈਡਲਾਈਨ ਬਣਾਈ ਜਾਵੇ। ਅਦਾਲਤ ਨੇ ਕਿਹਾ ਕਿ ਜੇਕਰ ਕਿਸੇ ਨੂੰ ਚੁਟਕਲਿਆਂ ਨਾਲ ਦਿੱਕਤ ਪ੍ਰੇਸ਼ਾਨੀ ਹੈ ਤਾਂ ਉਹ ਕਾਨੂੰਨ ਦੇ ਹਿਸਾਬ ਨਾਲ ਕੇਸ ਦਰਜ ਕਰਵਾ ਸਕਦਾ ਹੈ ਪਰ ਜੇਕਰ ਅੱਜ ਕਿਸੇ ਧਰਮ ਵਿਸ਼ੇਸ਼ ਜਾਂ ਜਾਤੀ ਵਿਸ਼ੇਸ਼ ਅਦਾਲਤ ਕਿਸੇ ਪ੍ਰਕਾਰ ਦਾ ਦਿਸ਼ਾ ਨਿਰਦੇਸ਼ ਜਾਰੀ ਕਰਦਾ ਹੈ ਤਾਂ ਹੋਰਨਾਂ ਜਾਤੀਆਂ ਅਤੇ ਧਰਮਾਂ ਦੇ ਲੋਕਾਂ ’ਚ ਵੀ ਆਪਣੇ ਲਈ ਵੱਖਰੇ ਦਿਸ਼ਾ ਨਿਰਦੇਸ਼ ਜਾਰੀ ਕਰਵਾਉਣ ਦੀ ਮੰਗ ਅਦਾਲਤਾਂ ਤੱਕ ਪਹੁੰਚ ਸਕਦੀ ਹੈ। ਅਦਾਲਤ ਨੇ ਕਿਹਾ ਕਿ ਇਸ ’ਤੇ ਕਿਸੇ ਤਰ੍ਹਾਂ ਨਾਲ ਕੰਟ੍ਰੋਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੋਈ ਹੱਸਦਾ ਹੈ ਤਾਂ ਕੋਈ ਨਹੀਂ ਹੱਸਦਾ। ਅਦਾਲਤ ਨੇ ਆਪਣੀ ਗੱਲ ਦਾ ਵਿਸਥਾਰ ਕਰਦਿਆਂ ਕਿਹਾ ਜਿਵੇਂ ਕਿ ਕਿਸੇ ਸਕੂਲ ’ਚ ਕਿਸੇ ਬੱਚੇ ਨੂੰ ਕੋਈ ਪ੍ਰੇਸ਼ਾਨੀ ਹੁੰਦੀ ਹੈ ਤਾਂ ਉਹ ਆਪਣੀ ਸ਼ਿਕਾਇਤ ਪ੍ਰਿੰਸੀਪਲ ਜਾਂ ਅਧਿਆਪਕ ਨੂੰ ਕਰਦਾ ਅਤੇ ਉਹ ਇਸਦਾ ਨਿਪਟਾਰਾ ਕਰਦੇ ਹਨ ਅਤੇ ਅਜਿਹੇ ਵਿਚ ਕੋਈ ਵੀ ਦਿਸ਼ਾ ਨਿਰਦੇਸ਼ ਜਾਰੀ ਨਹੀਂ ਕੀਤੇ ਜਾਂਦੇ। ਅਦਾਲਤ ਨੇ ਆਪਣੀ ਗੱਲ ਸਪੱਸ਼ਟ ਕਰਦਿਆਂ ਮਾਮਲੇ ਦੀ ਅਗਲੀ ਸੁਣਵਾਈ ਅਦਾਲਤ ਨੇ 27 ਮਾਰਚ ਤੈਅ ਕੀਤੀ ਹੈ।

# ਗੁਰਦਾਸ ਮਾਨ ਦੇ ਨਵੇਂ ਗੀਤ ਬਾਰੇ ਸੋਸ਼ਲ ਮੀਡੀਆ ‘ਤੇ ਵਿਵਾਦ ਛਿੜਿਆ

ਜਲੰਧਰ – ਪੰਜਾਬੀ ਬੋਲੀ ਦੇ ਪ੍ਰਸਿੱਧ ਗਾਇਕ ਗੁਰਦਾਸ ਮਾਨ ਦੇ ਨਵੇਂ ਆਏ ਗੀਤ ’ਪੰਜਾਬ’ ਦੇ ਨਾਲ ਹੁਣ ਸੋਸ਼ਲ ਮੀਡੀਆ ਉੱਤੇ ਆਲੋਚਨਾ ਅਤੇ ਜਵਾਬੀ ਬਿਆਨਬਾਜ਼ੀ ਸ਼ੁਰੂ ਹੋ ਗਈ ਹੈ। ਬਹੁਤ ਸਾਰੇ ਸਰੋਤੇ ਗੁਰਦਾਸ ਮਾਨ ਦੀ ਗੀਤ ਜਾਰੀ ਕਰਨ ਵਿੱਚ ਦੇਰੀ ਨਾਲ ਨਰਾਜ਼ ਹੋਏ ਦਿਖਾਈ ਦੇਂਦੇ ਹਨ, ਪਰ ਇਕ ਹੋਰ ਧੜਾ ਗੁਰਦਾਸ ਮਾਨ ਦੇ ਹੱਕ ਵਿੱਚ ਵੀ ਨਿੱਤਰ ਕੇ ਸਾਹਮਣੇ ਆ ਗਿਆ ਹੈ। ਵਰਨਣ ਯੋਗ ਹੈ ਕਿ 9 ਫਰਵਰੀ ਦੀ ਸ਼ਾਮ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਦਾ ਦੁਖਾਂਤ ਨੂੰ ਪੇਸ਼ ਕਰਨ ਵਾਲਾ ਗੀਤ ’ਪੰਜਾਬ’ ਰਿਲੀਜ਼ ਹੋਇਆ ਸੀ, ਜਿਸ ਵਿੱਚ ਨਸ਼ੇ, ਜ਼ਹਿਰੀਲੀ ਖੇਤੀ, ਸਿਹਤ ਅਤੇ ਵਿਗੜੇ ਹੋਏ ਅਮਨ ਕਾਨੂੰਨ ਦੇ ਹਾਲਾਤ ਵਾਲੇ ਪੰਜਾਬ ਦੇ ਮੌਜੂਦਾ ਮੁੱਦਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ।

ਇਸ ਗੀਤ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ, ਪਰ ਇਸ ਨੂੰ ਚੋਣਾਂ ਤੋਂ ਬਾਅਦ ਰਿਲੀਜ਼ ਕਰਨ ਕਰ ਕੇ ਗੁਰਦਾਸ ਮਾਨ ਦੀ ਤਿੱਖੀ ਆਲੋਚਨਾ ਹੋਈ ਹੈ। ਲੋਕਾਂ ਦਾ ਕਹਿਣਾ ਹੈ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹੀ ਮੁੱਦੇ ਪ੍ਰਮੁੱਖ ਸਨ, ਜਿਹੜੇ ਗੀਤ ਵਿੱਚ ਦਿ-ਖਾਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਜਾਗਰੂਕ ਕਰਨ ਲਈ ਗੁਰਦਾਸ ਮਾਨ ਨੂੰ ਜਿਹੜਾ ਗੀਤ 4 ਫਰਵਰੀ ਤੋਂ ਪਹਿਲਾਂ ਰਿਲੀਜ਼ ਕਰਨਾ ਚਾਹੀਦਾ ਸੀ, ਉਹ ਹੁਣ ਜਾਰੀ ਕੀਤਾ ਗਿਆ ਹੈ। ਬਹੁਤ ਸਾਰੇ ਲੋਕ ਹੁਣ ਸੋਸ਼ਲ ਮੀਡੀਆ ਉੱਤੇ ਗੁਰਦਾਸ ਮਾਨ ਦੇ ਇਸ ਗੀਤ ਨੂੰ ’ਸੱਪ ਲੰਘ ਜਾਣ ਤੋਂ ਬਾਅਦ ਲਕੀਰ ਕੁੱਟਣ’ ਵਾਲੀ ਗੱਲ ਕਰਾਰ ਦੇ ਰਹੇ ਹਨ ਅਤੇ ਕੁਝ ਲੋਕਾਂ ਨੇ ਤਾਂ ਮਾਨ ਦੇ ਪੁਰਾਣੇ ਗੀਤ ਚੁੱਕ ਕੇ ਵੀ ਗੁਰਦਾਸ ਮਾਨ ਦੀ ਆਲੋਚਨਾ ਕੀਤੀ ਹੈ।

# ਐਸ.ਵਾਈ.ਐਲ. ਨੂੰ ਬੰਦ ਕਰਨ ਲਈ ਮਾਰਚ 23 ਫਰਵਰੀ ਨੂੰ

**ਜਲੰਧਰ** – ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸਨ ਨੇ ਐਲਾਨ ਕੀਤਾ ਹੈ ਕਿ 23 ਫਰਵਰੀ ਨੂੰ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਚ ਐਸ.ਵਾਈ.ਐਲ. ਨਹਿਰ ਨੂੰ ਬੰਦ ਕਰਨ ਦੀ ਮੁਹਿੰਮ ਆਰੰਭੀ ਜਾਵੇਗੀ।

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਉਹ ਇਸ ਦਿਨ ਮਾਰਚ ਕੱਢਣਗੇ, ਜਿਸ ਨਾਲ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੇ ਪਾਣੀਆਂ ਬਾਰੇ ਜਾਗਰੂਕ ਕੀਤਾ ਜਾਵੇਗਾ। ਪੀਰ ਮੁਹੰਮਦ ਨੇ ਸ਼੍ਰੋਮਣੀ ਅਕਾਲੀ ਦਾਲ (ਬ), ਸ਼੍ਰੋਮਣੀ ਅਕਾਲੀ ਦਲ (ਅ), ਕਾਂਗਰਸ ਤੇ ਆਮ ਆਦਮੀ ਪਾਰਟੀ ਸਮੇਤ ਭਾਰਤੀ ਕਿਸਾਨ ਯੂਨੀਅਨ ਦੇ ਸਮੁੱਚੇ ਗਰੁੱਪਾਂ ਤੇ ਪੰਜਾਬ ਹਿਤੈਸੀਆਂ ਨੂੰ ਅਪੀਲ ਕੀਤੀ ਕਿ ਜੇ ਉਹ ਪੰਜਾਬ ਦੇ ਪਾਣੀਆਂ ਬਾਰੇ ਪਰਵਾਹ ਕਰਦੇ ਹਨ ਤਾ ਉਹ ਸਾਡੇ ਨਾਲ ਇਕਜੁੱਟ ਹੋਣ। ਇਹ ਮਾਰਚ 23 ਫਰਵਰੀ ਨੂੰ ਦੇਵੀਗੜ੍ਹ ਤੋਂ ਕਪੂਰੀ ਤੱਕ ਕੱਢਿਆ ਜਾਵੇਗਾ। ਫ਼ੈਡਰੇਸ਼ਨ ਪ੍ਰਧਾਨ ਨੇ ਕਿਹਾ ਕਿ ਪੰਜਾਬ ਪਾਸ ਦੂਸਰੇ ਰਾਜਾਂ ਨੂੰ ਪਾਣੀ ਦੇਣ ਜੋਗਾ ਪਾਣੀ ਬਚਿਆ ਹੀ ਨਹੀਂ ਫਿਰ ਅਸੀਂ ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਪਾਣੀ ਕਿਥੋਂ ਦਈਏ।

# “ਕਰਵਾਚੌਥ ਦੀ ਸੱਚੀ ਘਟਨਾ”

ਸੱਭ ਤੋਂ ਪਹਿਲਾਂ ਇੱਕ ਛੋਟੀ ਜਿਹੀ ਸੱਚੀ ਕਹਾਣੀ। ਕਰਵਾ ਚੌਥ ਤੋਂ ਇੱਕ ਦਿਨ ਪਹਿਲਾਂ ਦੀ ਗਲ ਹੈ। ਪਤੀ ਨੇ ਢਾਈ ਹਜ਼ਾਰ ਰੁਪਏ ਆਪਣੀ ਪਤਨੀ ਨੂੰ ਦਿੱਤੇ ਤਾਂ ਜੋ ਉਹ ਆਪਣੇ ਮਨਪਸੰਦ ਦਾ ਸੂਟ ਲੈ ਆਵੇ। ਪਤੀ ਨੇ ਕਿਹਾ ਕਿ ਉਹ ਆਪਣੀ ਸਹੇਲੀ ਨਾਲ ਜਾ ਕੇ ਜੋ ਵੀ ਸੂਟ ਚੰਗਾ ਲੱਗੇ, ਉਹ ਲੈ ਆਵੇ। ਪਤਨੀ ਆਪਣੀ ਸਹੇਲੀ ਨਾਲ ਗਈ, ਅਤੇ ਕਈ ਘੰਟਿਆਂ ਬਾਅਦ ਵਾਪਿਸ ਆਪਣੇ ਘਰ ਖਾਲ੍ਹੀ ਹੱਥ ਹੀ ਮੁੜੀ। ਪਤੀ ਦੇਖ ਕੇ ਹੈਰਾਨ ਹੀ ਰਹਿ ਗਿਆ। ਉਸਨੇ ਕਿਹਾ ਉਕੀ ਗਲ ਹੋ ਗਈ ਕੋਈ ਸੂਟ ਹੀ ਨਹੀਂ ਲਿਆ?” ਪਤਨੀ ਨੇ ਕਿਹਾ ਉਢਾਈ ਹਜ਼ਾਰ ਰੁਪਏ ਦਾ ਕੋਈ ਚੰਗਾ ਸੂਟ ਮਿਲ ਹੀ ਨਹੀਂ ਰਿਹਾ।” ਪਤਨੀ ਨੂੰ ਅੰਦਰੋਂ ਅੰਦਰੀਂ ਏਦਾਂ ਸੀ ਕਿ ਉਸਦਾ ਪਤੀ ਉਸਨੂੰ ਦੋ ਤਿੰਨ ਹਜ਼ਾਰ ਰੁਪਏ ਹੋਰ ਦੇ ਦੇਵੇ। ਪਤੀ ਨੂੰ ਏਦਾਂ ਸੀ ਕਿ ਮੇਰੀ ਤਨਖਾਹ ਹੀ ਵੀਹ ਹਜ਼ਾਰ ਰੁਪਏ ਹੈ, ਉਸ ਦੇ ਹਿਸਾਬ ਨਾਲ ਉਹ ਉਸਨੂੰ ਪਹਿਲਾਂ ਹੀ ਕਾਫੀ ਪੈਸੇ ਦੇ ਚੁੱਕਾ ਹੈ। ਕੁੱਝ ਦੇਰ ਬਾਅਦ ਪਤਨੀ ਨੇ ਕਿਹਾ "ਤੁਸੀਂ ਇੰਝ ਕਰੋ, ਤੁਸੀਂ ਆਪ ਹੀ ਮੇਰੇ ਲਈ ਕੋਈ ਸੂਟ ਲੈ ਆਵੋ।” ਪਤੀ ਨੇ ਕਿਹਾ ਉਚਲ ਠੀਕ ਐ, ਮੈਂ ਆਪ ਹੀ ਲੈ ਆਉਂਦਾ ਹਾਂ ਬਾਜ਼ਾਰੋਂ।” ਪਤੀ ਬਾਜ਼ਾਰ ਗਿਆ, ਉਸਨੇ ਜਦੋਂ ਸੂਟਾਂ ਦੇ ਰੇਟ ਪੁੱਛੇ, ਤਾਂ ਉਸਨੂੰ ਸੂਟਾਂ ਦੇ ਰੇਟ ਬਹੁਤ ਹੀ ਨਾਜਾਇਜ਼ ਲੱਗੇ। ਪਤੀ ਨੇ ਅੰਦਾਜਾ ਲਾ ਲਿਆ ਕਿ ਕਰਵਾ ਚੌਥ ਕਰਕੇ ਹੀ ਦੁਕਾਨਾਂ ਵਾਲੇ ਲੁੱਟ ਮਚਾਈ ਬੈਠੇ ਹਨ। ਪਤੀ ਨੇ ਸੂਟ ਖਰੀਦਣ ਦਾ ਖਿਆਲ ਛੱਡ ਦਿੱਤਾ। ਸੂਟ ਦੇਖਦੇ ਦੇਖਦੇ ਉਸ ਦੀ ਨਜ਼ਰ ਬੂਟਾਂ 'ਤੇ ਪੈ ਗਈ, ਅਤੇ ਬੂਟਾਂ ਨੇ ਝੱਟ ਹੀ ਉਸ ਦਾ ਮਨ ਮੋਹ ਲਿਆ। ਉਹ ਢਾਈ ਹਜ਼ਾਰ ਰੁਪਏ ਦੇ ਆਪਣੇ ਲਈ ਬੂਟ ਲੈ ਆਇਆ। ਜਦੋਂ ਪਤੀ ਆਪਣੇ ਘਰ ਵਾਪਸ ਪਰਤਿਆ, ਉਸ ਦੀ ਪਤਨੀ ਦੇ ਦੇਖਿਆ, ਤਾਂ ਪਤਨੀ ਨੇ ਮੂੰਹ ਬਣਾ ਲਿਆ ਅਤੇ ਉਲਟਾ ਪੁਲਟਾ ਕਹਿਣਾ ਸ਼ੁਰੂ ਕਰ ਦਿੱਤਾ। ਪਤਨੀ ਨੇ ਕਿਹਾ "ਮੈਂ ਦੁਨੀਆ ਵਿੱਚ ਕੋਈ ਅਜਿਹਾ ਪਤੀ ਨੇ ਦੇਖਿਆ, ਜਿਹੜਾ ਕਰਵਾ ਚੌਥ ਵਾਲੇ ਦਿਨ ਆਪਣੀ ਪਤਨੀ ਲਈ ਕੁੱਝ ਵੀ ਨਾ ਲੈ ਕੇ ਆਇਆ ਹੋਵੇ, ਅਤੇ ਆਪਣੀ ਪਤਨੀ ਦੇ ਸੂਟ ਦੇ ਪੈਸਿਆਂ ਦੇ ਆਪ ਬੂਟ ਖਰੀਦ ਲਿਆਇਆ ਹੋਵੇ।” ਪਤੀ ਨੇ ਕਿਹਾ ਉਸੂਟਾਂ ਦੇ ਰੇਟ ਨਾਜਾਇਜ਼ ਹੀ ਲਗਾ ਰਹੇ ਸਨ ਦੁਕਾਨਾਂ ਵਾਲੇ। ਮੈਨੂੰ ਕੋਈ ਸੌਦਾ ਜੱਚਿਆ ਹੀ ਨਹੀਂ, ਮੈਂ ਸੋਚਿਆ ਸੂਟ ਆਪਾਂ ਫਿਰ ਕਦੇ ਲੈ ਲਵਾਂਗੇ।” ਪਤਨੀ ਨੇ ਕਿਹਾ ਉਚਾਰ ਪੈਸੇ ਨਾ ਲਗ ਜਾਣ, ਤੁਹਾਡੇ, ਪਤਨੀ ਭਾਂਵੇ ਰੋਂਦੀ ਰਹੇ।” ਬਸ ਇੰਝ ਗਲਾਂ ਤੋਂ ਗਲ ਅੱਗੇ ਅੱਗੇ ਵੱਧਦੀ ਗਈ। ਹੌਲੀ ਹੌਲੀ ਅਗਲੀਆਂ ਪਿੱਛਲੀਆਂ ਗਲਾ ਸਾਰੀਆਂ ਨਿਕਲ ਆਈਆਂ ਅਤੇ ਗਲ ਬਹੁਤ ਅਗਾਂਹ ਤੱਕ ਵੱਧ ਗਈ। ਗੁੱਸੇ ਵਿੱਚ ਆਏ ਪਤੀ ਨੇ ਆਪਣਾ ਬਾਰ੍ਹਾਂ ਹਜ਼ਾਰ ਦਾ ਮੋਬਾਈਲ ਹੀ ਵਗ੍ਹਾ ਮਾਰਿਆ, ਅਤੇ ਮੋਬਾਈਲ ਚਕਨਾ ਚੂਰ ਕਰ ਦਿੱਤਾ। ਪਤੀ ਸੋਚ ਰਿਹਾ ਸੀ ਉਜੇ ਮੈਂ ਆਪਣੀ ਪਤਨੀ ਨੂੰ ਮਾਰਾਂ, ਤਾਂ ਸਾਰੇ ਹੀ ਮੈਨੂੰ ਗਲਤ ਕਹਿਣਗੇ। ਮੈਂ ਆਪਣਾ ਸਾਰਾ ਗੁੱਸਾ ਮੋਬਾਈਲ 'ਤੇ ਹੀ ਕੱਢਕੇ ਚੰਗਾ ਕੀਤਾ। ਨਹੀਂ, ਚਾਹੀਦੀ ਮੈਨੂੰ ਇਹੋ ਜਿਹੀ ਹਰ ਰੋਜ਼ ਲੜਾਈ ਝਗੜੇ ਦੀ ਜ਼ਿੰਦਗੀ। ਸ਼ਾਇਦ ਇਸ ਨਾਲ ਹੀ ਮੇਰੀ ਪਤਨੀ ਸੁਧਰ ਜਾਵੇ।” ਇੱਥੇ ਇਹ ਕਹਣੀ ਖਤਮ ਹੁੰਦੀ ਹੈ। ਜਿਸ ਪਤੀ ਬਾਰੇ ਮੈਂ ਇਹ ਗਲ ਕਰ ਰਿਹਾ ਹਾਂ। ਉਹ ਲੜਕਾ ਬਹੁਤ ਹੀ ਸਿਆਣਾ ਅਤੇ ਠੰਡੇ ਸੁਭਾਅ ਦਾ ਹੈ। ਜਦ ਮੈਂ ਉਸ ਦੀ ਇਹ ਗਲ ਸੁਣੀ ਤਾਂ ਮੈਂ ਬਹੁਤ ਹੀ ਹੈਰਾਨ ਰਹਿ ਗਿਆ ਕਿ ਇੰਨ੍ਹੇ ਠੰਡੇ ਸੁਭਾਅ ਦਾ ਲੜਕਾ ਇੰਝ ਕਿਵੇਂ ਕਰ ਸਕਦਾ ਹੈ। ਪਰ ਇੰਝ ਹੋਇਆ। ਇਸ ਵਿੱਚ ਕਿਸ ਦੀ ਗਲਤੀ ਸੀ? ਤੁਹਾਨੂੰ ਕੀ ਲਗਦਾ ਹੈ? ਮੇਰੇ ਹਿਸਾਬ ਨਾਲ ਤਾਂ ਇਸ ਗਲ ਨੂੰ ਵਧਾਏ ਬਿੰਨ੍ਹਾਂ ਹੀ ਖਤਮ ਕੀਤਾ ਜਾ ਸਕਦਾ ਸੀ। ਜੇ ਪਤਨੀ ਥੋੜ੍ਹੀ ਜਿਹੀ ਸੂਝਵਾਨ ਹੁੰਦੀ ਤਾਂ ਗਲ ਸਾਰੀ ਹਾਸੇ ਵਿੱਚ ਹੀ ਖਤਮ ਕੀਤੀ ਜਾ ਸਕਦੀ ਸੀ। ਪਹਿਲੀ ਗਲ ਪਤੀ ਨੇ ਪਤਨੀ ਨੂੰ ਢਾਈ ਹਜ਼ਾਰ ਰੁਪਏ, ਵੀਹ ਹਜ਼ਾਰ ਰੁਪਏ ਤਨਖਾਹ ਹੋਣ ਦੇ ਬਾਵਜੂਦ ਦਿੱਤੇ ਸਨ। ਢਾਈ ਹਜ਼ਾਰ ਰੁਪਏ ਕੋਈ ਛੋਟੀ ਰਕਮ ਨਹੀਂ ਹੁੰਦੀ। ਦੂਜੀ ਗਲ ਜੇ ਪਤਨੀ ਨੂੰ ਕੋਈ ਸੂਟ ਪਸੰਦ ਵੀ ਨਹੀਂ ਆਇਆ ਤਾਂ ਵੀ ਕੋਈ ਗਲ ਨਹੀਂ।

ਇਹ ਜ਼ਰੂਰੀ ਨਹੀਂ ਹੁੰਦਾ ਕਿ ਕਰਵਾ ਚੌਥ ਵਾਲੇ ਦਿਨ ਹੀ ਨਵਾ ਸੂਟ ਲੈਣਾ ਹੈ। ਸਾਨੂੰ ਹਮੇਸ਼ਾਂ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਸੂਟ ਕਿਸੇ ਹੋਰ ਦਿਨ ਵੀ ਖਰੀ-ਦਿਆ ਜਾ ਸਕਦਾ ਸੀ। ਤੀਜੀ ਗਲ ਜੇ ਪਤੀ ਉਸ ਪੈਸੇ ਦੇ ਆਪਣੇ ਲਈ ਬੂਟ ਵੀ ਲੈ ਆਇਆ, ਤਾਂ ਇਸ ਵਿੱਚ ਵੀ ਕੋਈ ਪਾਪ ਨਹੀਂ ਹੋ ਗਿਆ। ਅੱਗੇ ਪਿੱਛੇ ਉਹ ਆਪਣੇ 'ਤੇ ਪੈਸੇ ਘੱਟ ਅਤੇ ਆਪਣੀ ਪਤਨੀ ਉਪਰ ਪੈਸੇ ਜ਼ਿਆਦਾ ਖਰਚਦਾ ਸੀ। ਜੇ ਇੱਕ ਦਿਨ ਉਹ ਆਪਣੇ ਲਈ ਬੂਟ ਲੈ ਵੀ ਆਇਆ, ਤਾਂ ਇਸ ਵਿੱਚ ਕੀ ਹੋ ਗਿਆ। ਵੈਸੇ ਵੀ ਕਰਵਾ ਚੌਥ ਵਾਲਾ ਵਰਤ ਪਤੀ ਦੀ ਲੰਮੀ ਉਮਰ ਕਰਨ ਵਾਸਤੇ, ਉਸਦੀ ਖੁਸ਼ੀ ਵਾਸਤੇ ਰੱਖਿਆ ਜਾਂਦਾ ਹੈ। ਜੇ ਪਤੀ ਆਪਣੀ ਖੁਸ਼ੀ ਲਈ ਬੂਟ ਲੈ ਵੀ ਆਇਆ, ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਪਤਨੀ ਨੇ ਏਤਰਾਜ਼ ਕਿਉਂ ਕੀਤਾ। ਇੰਝ ਲਗਦਾ ਹੈ ਕਿ ਪਤਨੀ ਨੇ ਆਪਣੀ ਖੁਸ਼ੀ ਲਈ ਵਰਤ ਰੱਖਿਆ ਹੋਵੇ, ਪਤੀ ਦਾ ਤਾਂ ਬਹਾਨਾ ਹੀ ਹੈ। ਇੱਕ ਛੋਟੀ ਜਿਹੀ ਗਲਤੀ ਮੈਂ ਪਤੀ ਦੀ ਵੀ ਮੰਨਦਾ ਹਾਂ। ਜੇ ਪਤੀ ਉਸ ਪੈਸੇ ਵਿੱਚੋਂ, ਜੇ ਕੋਈ ਛੋਟੀ ਮੋਟੀ ਖਾਣ ਵਾਲੀ ਚੀਜ਼ ਯਾ ਕੁੱਝ ਹੋਰ ਆਪਣੀ ਪਤਨੀ ਲਈ ਲੈ ਆਉਂਦਾ, ਤਾਂ ਚੰਗਾ ਹੁੰਦਾ। ਇਸ ਨਾਲ ਵੀ ਪਤਨੀ ਦੇ ਖੁਸ਼ ਹੋਣ ਦੀ ਸੰਭਾਵਨਾ ਤਾਂ ਘੱਟ ਸੀ, ਪਰ ਇੱਕ ਪੋਜ਼ਿਟਿਵ ਪੁਆਇੰਟ ਪਤੀ ਦਾ ਬਣ ਜਾਣਾ ਸੀ। ਜੇ ਪਤਨੀ ਥੋੜ੍ਹੀ ਸਿਆਣੀ ਹੁੰਦੀ, ਥੋੜ੍ਹੀ ਸੂਝਵਾਨ ਹੁੰਦੀ, ਉਸਨੇ ਕੁੱਝ ਇੰਝ ਸੋਚਣਾ ਸੀ ਉਕਰਵਾ ਚੌਥ ਦਾ ਵਰਤ ਮੈਂ ਆਪਣੇ ਪਤੀ ਦੀ ਖੁਸ਼ੀ ਵਾਸਤੇ ਰੱਖਦੀ ਹਾਂ, ਨਾਂ ਕਿ ਆਪਣੀ ਖੁਸ਼ੀ ਵਾਸਤੇ। ਜੇ ਬੂਟ ਲੈ ਕੇ ਖੁਸ਼ ਹਨ, ਤਾਂ ਇਸ ਵਿੱਚ ਮੈਂ ਵੀ ਖੁਸ਼ ਹਾਂ। ਉਹਨਾਂ ਦੀ ਮੁਸਕਰਾਟਹ ਨਾਲ ਹੀ ਤਾਂ ਮੇਰੀ ਮੁਸਕਰਾਹਟ ਹੈ। ਬਾਕੀ ਰਹੀ ਸੂਟ ਦੀ ਗਲ। ਸੂਟ ਮੈਂ ਫਿਰ ਕਦੇ ਲੈ ਲਵਾਂਗੀ। ਨਾਲੇ ਕੁੱਝ ਦਿਨਾਂ ਬਾਅਦ ਵੈਸੇ ਵੀ ਸੂਟਾਂ ਦੇ ਰੇਟ ਘੱਟ ਜਾਣਗੇ। ਇਸੇ ਢਾਈ ਹਜ਼ਾਰ ਵਿੱਚ ਕੋਈ ਵਧੀਆ ਸੂਟ ਆ ਜਾਵੇਗਾ।” ਬਸ ਦੁਨੀਆ ਵਿੱਚ ਹੋਰ ਕੁੱਝ ਨਹੀਂ ਹੁੰਦਾ, ਹਰ ਚੀਜ਼ ਦੇ ਪਿੱਛੇ ਇੱਕ ਸੋਚ ਹੀ ਖੜ੍ਹੀ ਹੈ। ਜੇ ਮਾੜੀ ਸੋਚ ਖੜ੍ਹੀ ਹੈ, ਤਾਂ ਚੰਗੀ ਗਲ ਵਿੱਚ ਵੀ ਲੜ੍ਹਾਈ ਝਗੜਾ ਹੋ ਜਾਵੇਗਾ। ਪਰ ਜੇ ਚੰਗੀ ਸੋਚ ਖੜ੍ਹੀ ਹੈ, ਤਾਂ ਮਾੜੀ ਗਲ ਵਿੱਚ ਵੀ ਚੰਗਾ ਹੋ ਜਾਵੇਗਾ। ਸਿਰਫ ਇੰਨ੍ਹਾਂ ਹੀ ਸਮਝਣ ਦੀ ਲੋੜ ਹੈ।



**ਸਾਹਿਤਕਾਰ ਅਮਨਪ੍ਰੀਤ ਸਿੰਘ**
**ਵਟਸ ਅਪ 09465554088**

# ਉਤਰਾਖੰਡ ਦੀ ਧਰਤੀ ਤੇ ਬਾਬਾ ਨਾਨਕ



ਸੰਸਾਰ ਭਰ ਦੀਆਂ ਸੰਗਤਾਂ ਨੂੰ ਤਾਰਦੇ ਹੋਏ ਦੀਨ ਦੁਖੀਆਂ ਦੇ ਮਾਲਕ, ਇਨਸਾਨੀ ਭਾਈਚਾਰੇ ਦੇ ਪ੍ਰਤੀਕ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਭਾਈ ਬਾਲਾ ਜੀ ਅਤੇ ਭਾਈ ਮਰਦਾਨਾ ਜੀ ਨਾਲ ਮਨੁੱਖਤਾ ਦੇ ਭਲੇ ਲਈ ਚਾਰ ਉਦਾਸੀਆਂ ਕੀਤੀਆਂ। ਇਨ੍ਹਾ ਉਦਾਸੀਆਂ ਦੌਰਾਨ ਜਦੋ ਸ੍ਰੀ ਗੁਰੂ ਨਾਨਕ ਦੇਵ ਜੀ ਉਤਰਾਖੰਡ ਦੀ ਧਰਤੀ ਤੇ ਪਹੁੰਚੇ ਤਾਂ ਉੱਥੋਂ ਦੇ ਜੀਵਾਂ ਦਾ ਉਦਾਰ ਕਰਕੇ ਇਸ ਧਰਤੀ ਨੂੰ ਇਤਿਹਾਸਕ ਬਣਾ ਦਿੱਤਾ।



ਸਤਨਾਮ ਸਿੰਘ ਕੈਂਥ (ਲੈਕਚਰਾਰ)
91-99880-47124

ਜਦੋ ਸ੍ਰੀ ਗੁਰੂ ਨਾਨਕ ਦੇਵ ਜੀ ਉਤਰਾਖੰਡ ਦੇ ਜਿਲ੍ਹਾ ਊਧਮ ਸਿੰਘ ਨਗਰ ਦੇ ਨਾਨਕਮਤਾ ਸਾਹਿਬ ਪਹੁੰਚੇ ਤਾਂ ਉੱਥੇ ਮੁੱਦਤਾਂ ਤੋਂ ਸੁੱਕੇ ਹੋਏ ਪਿੱਪਲ ਹੇਠ ਬੈਠ ਗਏ। ਇਸੀ ਦੌਰਾਨ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਰਬਾਬ ਵਜਾਉਣ ਲਈ ਕਿਹਾ ਤੇ ਆਪ ਦੇ ਕੀਰਤਨ ਦੀ ਧੁਨ ਸੁਣਕੇ ਸੁੱਕੇ ਪਿੱਪਲ ਵਿੱਚ ਕਰੂੰਬਲਾ ਫੁੱਟ ਪਈਆਂ ਤੇ ਦੇਖਦੇ ਹੀ ਦੇਖਦੇ ਸਦੀਆਂ ਤੋਂ ਸੁੱਕਾ ਪਿੱਪਲ ਹਰਾ ਭਰਾ ਹੋ ਗਿਆ। ਇਸ ਸਬੰਧ ਵਿੱਚ ਕਵੀ ਸੰਤੋਖ ਸਿੰਘ ਜੀ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਵਿੱਚ ਲਿਖਦੇ ਹਨ:-

ਸੂਕੋ ਬਿਰਖ ਹੁਤੋ ਤਹਿ ਏਕੂ ਤਿਹ ਤਰ ਬੈਠੇ ਜਲਧਿ ਬਿਬੇਕੂ ।
ਸੋ ਚਲਦਲ ਕੋ ਤਰੁ ਤਤਕਾਲਾ ਹਰਯੋ ਹੋਤ ਭਾ ਪੱਤ੍ਰ ਬਿਸਾਲਾ।।

ਗੁਰੂ ਜੀ ਦੇ ਇਸ ਧਰਤੀ ਤੇ ਪੈਰ ਰੱਖਣ ਤੋਂ ਪਹਿਲਾਂ ਇਸ ਅਸਥਾਨ ਦਾ ਨਾਂ 'ਗੋਰਖਮਤਾ' ਸੀ। ਇਸ ਅਸਥਾਨ ਉੱਤੇ ਗੋਰਖਨਾਥ ਦੇ ਚੇਲੇ ਕੰਨਾਂ ਵਿੱਚ ਮੁੰਦਰਾ ਪਾ ਕੇ, ਜਟਾਂ ਵਧਾ ਕੇ, ਇਕ ਵੱਖਰਾ ਭੇਖ ਬਣਾ ਕੇ ਰਿਹਾ ਕਰਦੇ ਸਨ। ਜਦੋਂ ਉਹਨਾਂ ਨੂੰ ਪਿੱਪਲ ਦੇ ਹਰਾ ਭਰਾ ਹੋਣ ਦੀ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉੱਚਾ ਦਰਸਾਉਣ ਲਈ ਇਕ ਜੁਗਤ ਘੜੀ ਤੇ ਧਰਤੀ ਵਿੱਚ ਇੱਕ ਭੋਰਾ ਪੁੱਟਿਆ। ਉਸ ਭੋਰੇ ਵਿੱਚ ਇਕ ਸਿੱਧ ਬਾਲਕ ਨੂੰ ਇਹ ਸਿਖਾ ਕੇ ਬਿਠਾ ਦਿੱਤਾ ਕੀ ਜਦੋਂ ਤੇਰੇ ਤੋਂ ਪੁੱਛਿਆ ਜਾਵੇ ਕੀ ਇਹ ਧਰਤੀ ਕਿਸਦੀ ਹੈ ਤਾਂ ਤੂੰ ਉੱਚੀ ਆਵਾਜ਼ ਵਿੱਚ ਗੋਰਖਮਤਾ ਪੁਕਾਰਨਾ ਹੈ। ਪਰ ਜਦੋਂ ਧਰਤੀ ਕੋਲੋਂ ਇਹ ਪ੍ਰਸ਼ਨ ਪੁੱਛਿਆ ਗਿਆ ਤਾਂ ਉਸ ਵਿੱਚੋਂ ਆਵਾਜ਼ ਆਈ :-

ਨਾਨਕਮਤਾ-ਨਾਨਕਮਤਾ-ਨਾਨਕਮਤਾ।

ਇਸ ਤਰ੍ਹਾਂ ਇਸ ਧਰਤੀ ਦਾ ਨਾਂ ਨਾਨਕਮਤਾ ਪੈ ਗਿਆ ਜਿੱਥੇ ਅੱਜ ਇਤਿਹਾਸਕ ਗੁਰਦੁਆਰਾ 'ਨਾਨਕਮਤਾ ਸਾਹਿਬ' ਮੌਜੂਦ ਹੈ।

ਗੁਰੂ ਨਾਨਕ ਦੇਵ ਜੀ ਨੇ ਹਮੇਸ਼ਾ ਹੀ 'ਕਿਰਤ ਕਰਨਾ', 'ਨਾਮ ਜੱਪਣਾ' ਤੇ 'ਵੰਡ ਕੇ ਛੱਕਣਾ' ਸੰਕਲਪ ਨੂੰ ਆਪਣਾ ਸਿਧਾਂਤ ਦੱਸਿਆ। ਸਿਧਾਂ ਨੇ ਗੁਰੂ ਜੀ ਦੇ ਇਸ ਸਿਧਾਂਤ ਤੇ ਇਤਰਾਜ਼ ਜਤਾਇਆ ਤੇ ਕਿਹਾ ਜੇ ਇਹੀ ਉਹਨਾਂ ਦਾ ਸਿਧਾਂਤ ਹੈ ਤਾਂ ਇੱਕ ਛੋਟੇ ਜਿਹੇ ਤਿਲ ਨੂੰ ਸਭ ਵਿੱਚ ਵੰਡ ਕੇ ਛਕਾਓ। ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਹੁਕਮ ਦਿੱਤਾ ਕੀ ਇਸ ਤਿਲ ਨੂੰ ਘੋਟੇ ਜਲ ਮਿਲਾਓ ਅਤੇ ਸਿਧਾਂ ਵਿੱਚ ਵੰਡ ਦਿਓ।

ਸਿਧਾਂ ਨੂੰ ਇਸ ਨਾਲ ਸੰਤੁਸ਼ਟੀ ਨਾ ਹੋਈ ਤੇ ਉਹਨਾਂ ਨੇ ਗੁਰੂ ਜੀ ਨੂੰ ਕੋਈ ਸਵਾਦੀ ਭੋਜਨ ਛਕਾਉਣ ਲਈ ਕਿਹਾ।

ਗੁਰੂ ਜੀ ਦੇ ਹੁਕਮ ਨਾਲ ਭਾਈ ਮਰਦਾਨੇ ਨੇ ਕੋਲ ਲੱਗੇ ਬੋਹੜ ਦੇ ਟਾਹਣੇ ਨੂੰ ਹਿਲਾਇਆ ਤਾਂ ਉਸ ਵਿੱਚੋਂ ਛੱਤੀ ਪ੍ਰਕਾਰ ਦਾ ਭੋਜਨ ਪ੍ਰਾਪਤ ਹੋਇਆ। ਇਸ ਤਰ੍ਹਾਂ ਸਿਧਾਂ ਦੀ ਗੁਰੂ ਜੀ ਦੇ ਸਿਧਾਂਤ ਪ੍ਰਤੀ ਸ਼ੰਕਾ ਦੂਰ ਹੋਈ। ਇਸ ਅਸਥਾਨ ਉੱਤੇ ਅੱਜ ਗੁਰਦੁਆਰਾ 'ਭੰਡਾਰਾ ਸਾਹਿਬ' ਸੁਸ਼ੋਭਿਤ ਹੈ।

ਜਦ ਸਿਧ ਜੋਗੀ ਗੁਰੂ ਜੀ ਨੂੰ ਨਿਰੁਤਰ ਨਾ ਕਰ ਸਕੇ ਤਾਂ ਜੋਗੀ ਭੰਗਰਨਾਥ ਆ ਕੇ ਗੁਰੂ ਜੀ ਨੂੰ ਕਹਿਣ ਲੱਗਾ ਕਿ ਮੇਰੇ ਚੇਲਿਆਂ ਨੇ ਦੁੱਧ ਛਕਣਾ ਹੈ। ਇਸ ਲਈ ਤੁਸੀਂ ਮੇਰਾ ਤੂੰਬਾ ਦੁੱਧ ਨਾਲ ਭਰ ਦਿਓ। ਗੁਰੂ ਜੀ ਨੇ ਜਦ ਤੂੰਬਾ ਫੜਕੇ ਖੂਹ ਵਿੱਚ ਪਾਇਆ ਤਾਂ ਉਹ ਦੁੱਧ ਨਾਲ ਭਰ ਗਿਆ:-

ਸ੍ਰੀ ਨਾਨਕ ਤਬ ਲੇ ਨਿਜ ਹਾਥਾ,
ਭਰਯੋ ਕੂਪ ਤੇ ਦੂਧਹਿ ਸਾਥਾ।

ਇਸ ਤਰ੍ਹਾਂ ਜੋਗੀਆਂ ਨੇ ਰੱਜ-ਰੱਜ ਦੁੱਧ ਪੀਤਾ ਤੇ ਰੱਜਕੇ ਦੁੱਧ ਪੀਣ ਦੇ ਬਾਵਜੂਦ ਦੁੱਧ ਖ਼ਤਮ ਨਾ ਹੋਇਆ।ਉਸ ਸਮੇਂ ਤੋਂ ਹੀ ਇਹ ਅਸਥਾਨ ਗੁਰਦੁਆਰਾ 'ਦੁੱਧ ਵਾਲਾ ਖੂਹ' ਦੇ ਨਾਂ ਨਾਲ ਪ੍ਰਸਿੱਧ ਹੋ ਗਿਆ।

ਗੁਰੂ ਨਾਨਕ ਦੇਵ ਜੀ ਉਤਰਾਖੰਡ ਦੇ ਜਿਸ ਕੋਨੇ ਵਿੱਚੋਂ ਵੀ ਲੰਘਦੇ ਗਏ, ਉੱਥੇ ਕੋਈ ਨਾ ਕੋਈ ਕੌਤਕ ਵਾਪਰਦਾ ਗਿਆ।ਇਸੀ ਤਰ੍ਹਾਂ ਜਦੋਂ ਗੁਰੂ ਜੀ ਚੰਪਾਵਤ ਜ਼ਿਲ੍ਹੇ ਵਿੱਚ ਪਹੁੰਚੇ ਤਾਂ ਮਛੰਦਰ ਨਾਥ ਜੋਗੀ ਨੇ ਗੁਰੂ ਜੀ ਨੂੰ ਮਿੱਠੇ ਫਲ ਛਕਾਉਣ ਲਈ ਕਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਮੇਹਰ ਭਰੀ ਨਜ਼ਰ ਨਾਲ ਕੋਲ ਹੀ ਲੱਗੇ ਰੀਠੇ ਦੇ ਦਰੱਖਤ ਵੱਲ ਇਸ਼ਾਰਾ ਕਰਦੇ ਹੋਏ ਭਾਈ ਮਰਦਾਨਾ ਜੀ ਨੂੰ ਫ਼ਲ ਤੋੜ ਕੇ ਖਾਣ ਲਈ ਕਿਹਾ। ਜਿਵੇਂ ਹੀ ਮਰਦਾਨਾ ਜੀ ਨੇ ਫ਼ਲ ਖਾਣੇ ਸ਼ੁਰੂ ਕੀਤੇ, ਕੌੜੇ ਰੀਠੇ ਛਵਾਰਿਆਂ ਵਾਂਗ ਮਿੱਠੇ ਹੋ ਗਏ।ਇਸ ਕੌਤਕ ਨੂੰ ਦੇਖਕੇ ਸਿਧ ਬਹੁਤ ਹੈਰਾਨ ਹੋਏ ਤੇ ਫਿਰ ਆਪ ਵੀ ਫ਼ਲ ਤੋੜ ਕੇ ਖਾਣ ਲੱਗ ਪਏ:-

ਅਬ ਅਤਿ ਮਧੁਰ ਸਵਾਦ ਕੇ ਮਾਹੀ ।
ਖਾਵਤ ਤਿਆਗੇ ਜਾਵਤ ਨਾਹੀ ।।

ਉਸ ਸਮੇਂ ਤੋਂ ਹੀ ਇਸ ਅਸਥਾਨ ਦਾ ਨਾਂ 'ਰੀਠਾ ਸਾਹਿਬ' ਪੈ ਗਿਆ। ਅੱਜ ਵੀ ਇਸ ਅਸਥਾਨ ਤੇ ਮਿੱਠੇ ਰੀਠੇ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ ਤੇ ਹਰ ਸਾਲ ਜੇਠ ਦੀ ਪੂਰਨਮਾਸ਼ੀ ਨੂੰ ਇਸ ਅਸਥਾਨ ਤੇ ਜੋੜ ਮੇਲਾ ਮਨਾਇਆ ਜਾਂਦਾ ਹੈ।

ਇਸ ਤਰ੍ਹਾਂ ਆਪਣੀ ਉਤਰਾਖੰਡ ਦੀ ਉਦਾਸੀ ਦੌਰਾਨ ਜਿਸ ਅਸਥਾਨ ਉੱਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰ ਧਰੇ, ਉਹ ਅਸਥਾਨ ਇਤਿਹਾਸ ਦੇ ਪੰਨਿਆਂ ਵਿੱਚ ਦਰਜ਼ ਹੁੰਦਾ ਗਿਆ। ਉਤਰਾਖੰਡ ਦੀ ਇਸ ਕੌਤਕਾਂ ਭਰਪੂਰ ਧਰਤੀ ਉੱਤੇ ਅਨੇਕਾਂ ਹੀ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ ਜਿਹਨਾਂ ਦੇ ਦਰਸ਼ਨ ਕਰਨ ਲਈ ਸੰਗਤ ਦੂਰ ਦੂਰ ਤੋਂ ਚੱਲ ਕੇ ਆਉਂਦੀ ਹੈ ਤੇ ਗੁਰੂ ਘਰ ਦੀਆਂ ਅਪਾਰ ਖੁਸ਼ੀਆਂ ਪ੍ਰਾਪਤ ਕਰਦੀ ਹੈ।

# ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ ਬਸਪਾ ਨੂੰ ਬੜਤ ਮਿਲਣ ਦੇ ਆਸਾਰ

**ਲਖਨਊ-** ਉਤਰ ਪ੍ਰਦੇਸ਼ ਚੋਣਾਂ ਦੇ ਪਹਿਲੇ ਗੇੜ ਵਿਚ ਬਸਪਾ ਨੂੰ ਬੜਤ ਮਿਲਣ ਦੇ ਆਸਾਰ ਵੱਧ ਗਏ ਹਨ। ਏ. ਪੀ. ਐਨ. ਸਰਵੇ ਮੁਤਾਬਕ ਪਹਿਲੇ ਗੇੜ ਵਿਚ ਬਸਪਾ ਨੂੰ 52 ਸੀਟਾਂ, ਸਪਾ-ਕਾਂਗਰਸ ਨੂੰ 14, ਭਾਜਪਾ ਨੂੰ 7 ਸੀਟਾਂ ਮਿਲਣ ਦੀ ਉਮੀਦ ਹੈ। ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ 'ਚ 73 ਸੀਟਾਂ 'ਤੇ 64.22 ਫ਼ੀਸਦੀ ਵੋਟਰਾਂ ਨੇ ਆਪਣੇ ਹੱਕ ਦੀ ਵਰਤੋਂ ਕੀਤੀ। ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਪੋਲਿੰਗ ਸ਼ਾਂਤਮਈ ਰਹੀ। ਮੁੱਖ ਚੋਣ ਅਧਿਕਾਰੀ ਟੀ ਵੈਂਕਟੇਸ਼ ਨੇ ਦੱਸਿਆ ਕਿ ਕੁਝ ਥਾਵਾਂ 'ਤੇ ਚੋਣ ਪਰਚੀਆਂ ਖੋਹੇ ਜਾਣ ਦੀਆਂ ਰਿਪੋਰਟਾਂ ਤੋਂ ਬਾਅਦ ਪਥਰਾਅ ਅਤੇ ਝੜਪਾਂ ਹੋਈਆਂ ਹਨ। 2012 ਦੀਆਂ ਚੋਣਾਂ ਨਾਲੋਂ ਪਹਿਲੇ ਗੇੜ 'ਚ ਇਸ ਵਾਰ ਤਿੰਨ ਫ਼ੀਸਦੀ ਵੱਧ ਵੋਟਿੰਗ ਹੋਈ ਹੈ। ਅਧਿਕਾਰੀ ਮੁਤਾਬਕ ਈਟਾ 'ਚ 73 ਫ਼ੀਸਦੀ, ਮੁਜ਼ੱਫਰਨਗਰ 'ਚ 65 ਫ਼ੀਸਦੀ, ਬੁਲੰਦਸ਼ਹਿਰ 'ਚ 64 ਫ਼ੀਸਦੀ, ਨੋਇਡਾ 'ਚ 60 ਫ਼ੀਸਦੀ ਅਤੇ ਗਾਜ਼ੀਆਬਾਦ 'ਚ 57 ਫ਼ੀਸਦੀ ਵੋਟਾਂ ਪਈਆਂ। ਪਿਛਲੀਆਂ ਚੋਣਾਂ ਦੌਰਾਨ ਇਨ੍ਹਾਂ 73 ਸੀਟਾਂ 'ਚੋਂ ਸਮਾਜਵਾਦੀ ਪਾਰਟੀ ਅਤੇ ਬਸਪਾ ਨੂੰ 24-24, ਭਾਜਪਾ ਨੂੰ 11, ਰਾਸ਼ਟਰੀ ਲੋਕ ਦਲ ਨੂੰ 9 ਅਤੇ ਕਾਂਗਰਸ ਨੂੰ ਪੰਜ ਸੀਟਾਂ ਮਿਲੀਆਂ ਸਨ। ਚੋਣਾਂ ਦਾ ਦੂਜਾ ਗੇੜ 15 ਫਰਵਰੀ ਅਤੇ ਆਖਰੀ ਗੇੜ 8 ਮਾਰਚ ਨੂੰ ਮੁਕੰਮਲ ਹੋਏਗਾ। ਬਾਗਪੱਤ ਤੋਂ ਮਿਲੀਆਂ ਰਿਪੋਰਟਾਂ 'ਚ ਕਿਹਾ ਗਿਆ ਹੈ ਕਿ ਦੋ ਫਿਰਕਿਆਂ ਦੇ ਮੈਂਬਰਾਂ ਵਿਚਕਾਰ ਬਾਗੂ ਕਾਲੋਨੀ 'ਚ ਉਸ ਸਮੇਂ ਝੜਪ ਹੋ ਗਈ ਜਦੋਂ ਇਕ ਧੜੇ ਨੇ ਦੂਜੇ ਨੂੰ ਵੋਟਾਂ ਪਾਉਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਪੁਲੀਸ ਮੁਤਾਬਕ ਇਸ ਘਟਨਾ 'ਚ 10 ਵਿਅਕਤੀ ਜ਼ਖ਼ਮੀ ਹੋਏ ਜਿਨ੍ਹਾਂ ਨੂੰ ਹਸਪਤਾਲ 'ਚ ਦਾਖ਼ਲ ਕਰਾਇਆ ਗਿਆ ਹੈ। ਅਜੀਤ ਸਿੰਘ ਦੀ ਅਗਵਾਈ ਹੇਠਲੇ ਰਾਸ਼ਟਰੀ ਲੋਕ ਦਲ ਦੇ ਵਰਕਰਾਂ ਵੱਲੋਂ ਜਦੋ ਬੜੌਤ ਇਲਾਕੇ ਦੇ ਲੂਯਾਨ 'ਚ ਦਲਿਤ ਵੋਟਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ ਤਾਂ ਉਥੇ ਟਕਰਾਅ ਹੋ ਗਿਆ। ਪੁਲੀਸ ਨੇ ਤਿੰਨ ਪਾਰਟੀ ਵਰਕਰਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਹੈ। ਮੇਰਠ 'ਚ ਭਾਜਪਾ ਦੇ ਵਿਵਾਦਤ ਆਗੂ ਸੰਗੀਤ ਸੋਮ ਦੇ ਭਰਾ ਗਗਨ ਸੋਮ ਨੂੰ ਪੋਲਿੰਗ ਬੂਥ ਅੰਦਰ ਪਿਸਤੌਲ ਲੈ ਕੇ ਜਾਣ ਦੇ ਦੋਸ਼ ਹੇਠ ਪੁਲੀਸ ਨੇ ਉਸ ਨੂੰ ਹਿਰਾਸਤ 'ਚ ਲੈ ਲਿਆ। ਅਧਿਕਾਰੀਆਂ ਮੁਤਾਬਕ ਲਾਇਸੈਂਸੀ ਹਥਿਆਰ ਪੁਲੀਸ ਕੋਲ ਜਮ੍ਹਾਂ ਕਰਾਉਣੇ ਹੁੰਦੇ ਹਨ ਅਤੇ ਸਿਰਫ਼ ਵਿਸ਼ੇਸ਼ ਮਾਮਲਿਆਂ 'ਚ ਇਹ ਕੋਲ ਰੱਖਣ ਦੀ ਛੋਟ ਦਿੱਤੀ ਜਾਂਦੀ ਹੈ। ਪਹਿਲੇ ਗੇੜ ਦੀ ਵੋਟਿੰਗ ਤੋਂ ਬਾਅਦ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਪੁੱਤਰ ਪੰਕਜ ਸਿੰਘ, ਕਾਂਗਰਸ ਵਿਧਾਇਕ ਦਲ ਦੇ ਆਗੂ ਪ੍ਰਦੀਪ ਮਾਥੁਰ, ਭਾਜਪਾ ਤਰਜਮਾਨ ਸ੍ਰੀਕਾਂਤ ਸ਼ਰਮਾ, ਭਾਜਪਾ ਸੰਸਦ ਮੈਂਬਰ ਹੁਕਮ ਸਿੰਘ ਦੀ ਧੀ ਮ੍ਰਿਗੰਕਾ ਸਿੰਘ, ਭਾਜਪਾ ਵਿਧਾਇਕ ਸੰਗੀਤ ਸੋਮ, ਸੁਰੇਸ਼ ਰਾਣਾ, ਲਕਸ਼ਮੀਕਾਂਤ ਬਾਜਪਾਈ, ਆਰਜੇਡੀ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਜਵਾਈ ਰਾਹੁਲ ਸਿੰਘ (ਐਸਪੀ) ਅਤੇ ਕਲਿਆਣ ਸਿੰਘ ਦੇ ਪੋਤੇ ਸੰਦੀਪ ਸਿੰਘ ਦੀ ਕਿਸਮਤ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ 'ਚ ਬੰਦ ਹੋ ਗਈ।

अनुमानित सीटे पहला चरण उत्तर प्रदेश

| पार्टी | 2012 | 2017 | बढ़त |
|---|---|---|---|
| बसपा | 25 | 52 | +27 |
| सपा/कांग्रेस | 29 | 14 | -15 |
| भाजपा | 11 | 07 | -04 |
| अन्य | 08 | 0 | -08 |

स्रोत : APN सर्वे

# ਇਸਰੋ ਕੈਨੇਡਾ ਵੱਲੋਂ ਗਰੀਬ ਲੋੜਵੰਦ ਬੱਚਿਆਂ ਦੀ ਸਿੱਖਿਆ ਲਈ ਕੰਮ ਕਰਨ ਦਾ ਅਹਿਦ

## ਡਾ. ਅੰਬੇਦਕਰ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਯਤਨ ਕਰਨ ਦਾ ਫ਼ੈਸਲਾ

**ਨਕੋਦਰ (ਕੁਲਵੰਤ ਸਿੰਘ ਟਿੱਬਾ)-** ਅੰਬੇਡਕਰ ਇੰਟਰਨੈਸ਼ਨਲ ਸੋਸ਼ਲ ਰਿਫੋਰਮ ਆਰਗੇਨ-ਾਈਜ਼ੇਸ਼ਨ (ਇਸਰੋ) ਕੇਨੈਡਾ ਦੀ ਪੰਜਾਬ ਅਤੇ ਕੈਨੇਡਾ ਇਕਾਈ ਦੀ ਸਾਂਝੀ ਮੀਟਿੰਗ ਨਕੋਦਰ ਵਿਖੇ ਸੰਸਥਾ ਦੇ ਪ੍ਰਧਾਨ ਰੂਪ ਲਾਲ ਗੱਡੂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੌਰਾਨ ਪੰਜਾਬ ਅੰਦਰ ਦਲਿਤ ਸਮਾਜ, ਪਛੜਿਆਂ ਸ਼੍ਰੇਣੀਆਂ ਤੇ ਹੋ ਰਹੇ ਅੱਤਿਆਚਾਰਾਂ ਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਯਤਨ ਕਰਨ ,ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਜੀ ਦੀ ਵਚਾਰਧਾਰਾ ਦੇ ਪ੍ਰਚਾਰ -ਪ੍ਰਸਾਰ ਅਤੇ ਗਰੀਬ ਲੋੜਵੰਦ ਬੱਚਿਆਂ ਲਈ ਪੜਾਈ ਲਈ ਆਰਥਿਕ ਤੌਰ ਤੇ ਮਦਦ ਕਰਨ ਲਈ ਸਰਬਸੰਮਤੀ ਨਾਲ ਫ਼ੈਸਲਾ ਲਿਆ ਗਿਆ ।



ਇਸ ਸਮੇਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰੂਪ ਲਾਲ ਗੱਡੂ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਿਧਾਂਤ 'ਪੇ ਬੈਕ ਟੂ ਸੁਸਾਇਟੀ' ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ ਤਾਂ ਕਿ ਸਮਾਜ ਅੰਦਰ ਸਦੀਆਂ ਤੋਂ ਜਾਤੀ ਸੰਤਾਪ ਭੋਗ ਰਹੇ ਲੋਕਾਂ ਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਹੋ ਸਕੇ। ਉਨ੍ਹਾਂ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਹੀ ਇਹ ਹੈ ਕਿ ਨੌਜਵਾਨ ਪੀੜੀ ਨੂੰ ਬਾਬਾ ਸਾਹਿਬ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ ਜਾਵੇ।

ਇਸਰੋ ਦੇ ਕੈਨੇਡਾ ਸਥਿਤ ਮੀਡੀਆ ਸਪੋਕਸਪਰਸਨ ਰਛਪਾਲ ਭਾਰਦਵਾਜ ਨੇ ਦੱਸਿਆ ਕਿ ਇਸਰੋ ਇੱਕ ਅਜਿਹੀ ਪਹਿਲੀ ਸੰਸਥਾ ਹੈ ਜੋ ਕੈਨੇਡਾ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ ਅਤੇ ਕੈਨੇਡੀਅਨ ਸਰਕਾਰ ਪਾਸ ਸੰਸਥਾ ਦਾ ਸੰਵਿਧਾਨ ਦਰਜ ਕਰਵਾਇਆ ਗਿਆ ਹੈ।

ਸੰਸਥਾ ਦੇ ਮੀਡੀਆ ਇੰਚਾਰਜ ਕੁਲਵੰਤ ਸਿੰਘ ਟਿੱਬਾ ਵੱਲੋਂ ਬਹੁਜਨ ਸਮਾਜ ਦੇ ਮਹਾਨ ਰਹਿ-ਬਰਾਂ ਦੇ ਜੀਵਨ ਸਬੰਧੀ ਜਾਣਕਾਰੀ ਦਿੰਦਾ ਸਾਲ 2017 ਦਾ ਕਲੰਡਰ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਰਾਲੀਜ ਕੀਤਾ ਗਿਆ ਅਤੇ ਸਮੂਹ ਹਾਜ਼ਰੀਨਾਂ ਨੇ ਕੁਲਵੰਤ ਸਿੰਘ ਟਿੱਬਾ ਨੂੰ ਮੁਬਾਰਕਬਾਦ ਦਿੱਤੀ। ਇਸ ਸਮੇਂ ਸੰਸਥਾ ਦੇ ਮੀਡੀਆ ਸਪੋਕਸਪਰਸਨ ਰਛਪਾਲ ਭਾਰਦ-ਵਾਜ ਕੇਨੈਡਾ, ਇੰਜ. ਸੁਰਿੰਦਰ ਸਿੰਘ ਸੰਧੂ (ਜਰਨਲ ਸਕੱਤਰ ਕੈਨੇਡਾ), ਮਲੂਕ ਚੰਦ ਕਲੇਰ (ਪ੍ਰਸਿੱਧ ਕਾਲਮ ਨਵੀਸ), ਧਰਮਪਾਲ ਪੈਂਥਰ (ਜਰਨਲ ਸਕੱਤਰ), ਸਵਰਨ ਸਿੰਘ ਸੱਗੂ (ਪੰਜਾਬ ਪ੍ਰਧਾਨ), ਡਾ. ਮੱਖਣ ਸਿੰਘ ਸ਼ੇਰਪੁਰ, ਕਸ਼ਮੀਰ ਸਿੰਘ, ਵਿਜੈ ਕੁਮਾਰ ਗੁਣਾਚੌਰ, ਪਰਮਜੀਤ ਲਾਖਾ, ਰਛਪਾਲ ਲਾਖਾ, ਰਾਮ ਆਸਰਾ,ਪਵਿੱਤਰ ਸਿੰਘ ਸੰਗਰੂਰ, ਰਾਮਜੀ ਦਾਸ, ਸਤਨਾਮ ਸਿੰਘ ਜੰਡਿਆਲਾ, ਦਰਸਨ ਸਿੰਘ ਕਲਸੀ, ਰਾਮ ਲੁਭਾਇਆ, ਪ੍ਰਿੰਸੀਪਲ ਭਰਪੂਰ ਸਿੰਘ,ਗੁਰਮੇਲ ਸਿੰਘ ਸ਼ਰੀਂਹ, ਮਹਿੰਦਰਪਾਲ ਸਿੰਘ ਬਲਾਕ ਸੰਮਤੀ ਮੈਂਬਰ, ਮਾਸਟਰ ਸੁਰਜੀਤ ਸਿੰਘ ਜੰਡਿਆਲਾ ਆਦਿ ਵੀ ਹਾਜ਼ਰ ਸਨ।

# ਅਮਰੀਕਾ ਵਿੱਚ ਗਰੀਨ ਕਾਰਡਾਂ ਦੇ ਨਿਯਮ ਬਦਲੇ ਜਾਣ ਲੱਗੇ

ਨੇ ਸਪੱਸ਼ਟ ਕੀਤਾ ਹੈ ਕਿ ਉਹ ਦੇਸ਼ ਵਿੱਚ ਪਰਵਾਸੀਆਂ ਦੀ ਆਮਦ ਮੈਰਿਟ ਦੇ ਆਧਾਰ 'ਤੇ ਹੋਣ ਵਿੱਚ ਯਕੀਨ ਰੱਖਦੇ ਹਨ, ਇਸ ਨਾਲ ਸਾਡੀ ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਸਾਰਿਆਂ ਲਈ ਉਜਰਤਾਂ ਵਧਾਉਣ ਵਿੱਚ ਵੀ ਮਦਦ ਮਿਲੇਗੀ।'' ਦੱਸਣਯੋਗ ਹੈ ਕਿ ਅਮਰੀਕਾ ਵਿੱਚ ਭਾਰਤ ਦੇ ਸੂਚਨਾ-ਤਕਨੀਕ ਨਾਲ ਸਬੰਧੀ ਪ੍ਰੋਫੈਸ਼ਨਲ ਅਤੇ ਕਾਰੋਬਾਰੀ ਲੋਕ ਨਾ ਕੇਵਲ ਅਮਰੀਕਾ ਦਾ ਅਰਥਚਾਰਾ ਮਜ਼ਬੂਤ ਕਰਨ ਲਈ ਜਾਣੇ ਜਾਂਦੇ ਹਨ ਬਲਕਿ ਨੌਕਰੀਆਂ ਪੈਦਾ ਕਰਨ ਲਈ ਵੀ ਮਸ਼ਹੂਰ ਹਨ।

ਇਸ ਦੇ ਨਾਲ ਹੀ ਮਿੱਲਰ ਨੇ ਜ਼ੋਰ ਦੇ ਕੇ ਕਿਹਾ ਕਿ ਕਿਸੇ ਵੀ ਤਰ੍ਹਾਂ ਦਾ ਕਾਨੂੰਨੀ ਪਰਵਾਸ ਪ੍ਰਬੰਧ ਅਮਰੀਕਾ ਦੇ ਕਾਮਿਆਂ ਨੂੰ ਬੇਰੁਜ਼ਗਾਰ ਨਾ ਕਰਦਾ ਹੋਵੇ ਅਤੇ ਨਾ ਹੀ 'ਧੋਖਾਧੜੀ' ਦੇ ਕੋਈ ਦੋਸ਼ ਲੱਗਣ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਐਚ-1ਬੀ ਵੀਜ਼ਾ ਪ੍ਰਬੰਧ 'ਤੇ ਉਕਤ ਦੋਵੇਂ ਦੋਸ਼ ਲੱਗਦੇ ਰਹੇ ਹਨ।

# ਅਮਰੀਕਾ ਦਾ ਸਭ ਤੋਂ ਉੱਚਾ ਡੈਮ ਉਛਲਿਆ

''ਲੋਕ ਆਸ-ਪਾਸ ਦੇ ਗੁਰਦੁਆਰਿਆਂ ਦੀਆਂ ਸਰਾਵਾਂ ਵਿੱਚ ਜਾ ਕੇ ਰਹਿ ਸਕਦੇ ਹਨ ਅਤੇ ਉੱਥੇ ਖਾਣ-ਪੀਣ ਦਾ ਪ੍ਰਬੰਧ ਵੀ ਹੈ।'' ਰਾਜਧਾਨੀ ਦੇ ਡਾ. ਗੁਰਤੇਜ ਸਿੰਘ ਚੀਮਾ ਨੇ ਦੱਸਿਆ ਕਿ ਖਾਲੀ ਕਰਵਾਏ ਗਏ ਯੂਬਾ ਸਿਟੀ ਦੇ ਵਸਨੀਕਾਂ ਦੀ ਮਦਦ ਲਈ ਉਹ ਤਿਆਰ-ਬਰ-ਤਿਆਰ ਹਨ। ਉਨ੍ਹਾਂ ਕਿਹਾ ਕਿ ਯੂਬਾ ਸਿਟੀ ਛੱਡ ਰਹੇ ਲੋਕਾਂ ਲਈ ਗੁਰਦੁਆਰਾ ਸਭ ਤੋਂ ਨੇੜੇ ਸਥਿਤ ਹੈ। ਉਨ੍ਹਾਂ ਦੱਸਿਆ, ''ਸਾਡੇ ਕੋਲ ਲੰਗਰ ਦਾ ਪ੍ਰਬੰਧ ਹੈ ਅਤੇ ਘੱਟੋ-ਘੱਟ 50 ਲੋਕਾਂ ਦੇ ਰਹਿਣ ਲਈ ਜਗ੍ਹਾ ਦਾ ਪ੍ਰਬੰਧ ਵੀ ਹੈ।'' ਉਨ੍ਹਾਂ ਕੋਲ ਠਹਿਰ ਲਈ ਲਗਭਗ ਤਿੰਨ ਪਰਿਵਾਰ ਆ ਚੁੱਕੇ ਹਨ ਅਤੇ ਕੁਝ ਹੋਰਾਂ ਨੇ ਗੁਰਦੁਆਰੇ ਵਿੱਚ ਰਹਿਣ ਸਬੰਧੀ ਸੰਪਰਕ ਕੀਤਾ ਹੈ।






ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।





**ਪ੍ਰਸ਼ੋਤਮ ਸੂਦ** ਵਾਈਸ ਚੇਅਰਮੈਨ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
530-565-5974 ਅਤੇ ਸਮੂਹ ਪਰਿਵਾਰ

**ਦਲਵਿੰਦਰ ਰੱਲ੍ਹ** ਵਾਈਸ ਜਨ.ਸਕੱਤਰ
ਵਾਈਸ ਜਨ.ਸਕੱਤਰ, ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
530-933-3938 ਅਤੇ ਸਮੂਹ ਪਰਿਵਾਰ



ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ



# ਸਮੂਹ ਪ੍ਰਬੰਧਕ ਕਮੇਟੀ

## ਮਹਾਂਰਿਸ਼ੀ ਵਾਲਮੀਕ ਸਭਾ, ਯੂ.ਐਸ.ਏ, ਯੂਬਾ ਸਿਟੀ, ਕੈਲੀਫੋਰਨੀਆ



ਫਾਇਲ ਚਿੱਤਰ



ਫਾਇਲ ਚਿੱਤਰ

*Managing Committee:*

Prem Sondhi President 530-751-3887, Gurpal Singh Chairman 916-873-0311,

Balbir Singh Thaper Vice Chairman 916-607-4650, Santokh Singh Gill Vice President 530-740-3056

Avinash Sondhi, Cashier 530-301-1157, , , Vinod Gill Cashier 530-822-9587,

Parminder Sahota (Secretary) 530-674-9766

## ਐਸੀ ਲਾਲ ਤੁਝ ਬਿਨ ਕਾਉਨ ਕਰੈ।।
## ਗਰੀਬ ਨਿਵਾਜ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ।। ਰਹਾਉ।।

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ
ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ
ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ





Baksho Kaur Bisla Hardev Singh Bisla
530-671-0439, Fax 530-822-0439 Cell- 530-844-3250



# L.A. MERCHANDISE
## Whole Sale +Retail

## 500 N. Palora Ave. Yuba City, CA 95991

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

Red Label Tea
900 Gm $ 3.99

Bio Bidet Elite
$ 39.99+Tax
(Smart Loto)



## LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

# The Concept of Begumpura and Its Relevance in the Modern World

We are going to celebrate the 640th Gurpurabfor the revolutionary saint, Sri Guru Ravidass, in February 2017 worldwide. Undoubtedly, it is important to ponder the relevance of Begumpura and what it means in today's world at large. The current circumstancesin the world especially here in the United States of America under the leadership of our new President Donald Trump are raising many questions especially for people from our parts of the world.



Dr. Harmesh Kumar

During his time, Guru Ravidass Ji, saw a lot of discrimination and inhumane treatment of human beings based on poverty and caste. He did not react in anger but raised his voice against human discrimination while creating awareness that God created everyone equal. Theessence of Begumpura and its meaning was also enshrined in the Declaration of Independence which says, "We hold these truths to be self-evident, that all men are created equal, that they are endowed by their Creator with certain inalienable rights that among these are life, liberty and the pursuit of happiness". This is the foundation of American spirit and that is the reason we all feel very proud and welcomed in this land of opportunities.

The interfaith community of America has also demonstrated the practical value of the concept of Begumpura as fostered by Sri Guru Ravidass Ji. For instance, interfaith community stood against executive order of President Donald Trump banning Muslims from seven Muslim predominant countries. Last week, I participated along with other faith leaders in the city of Walnut Creek, Californiainthe"Ring of Solidarity"at a Mosque to bring faith awareness about discrimination based on religion and standing in unity with our Muslim brothers and sisters. All faith leaders promoted love over hate and that was the crux of Guru Ravidass Ji's message at best.

Imagine during those days of Sri Guru Ravidass Ji, when discrimination and untouchability was so severe against some sections of the society and they were treated worse than animals. It was during that time Sri Guru Ravidass Ji raised his voice against those injustices. He fought with his spiritual wisdom with Kings, rulers and Pundits of his times against their practices of discrimination. That pure spirit of fighting for others is evident in American society today when our President has created a lot of confusion worldwide over his order to suspend (ban)pre-planned entry of refugees and block seven Muslim-majority countries visitors never fully disclosing the legality of who should and shouldn't enter the country. Thousands of American love abiding citizensgathered at airports nationwide and other settings around the world to protest against the ban in social media and other social outlets. There are so many Americans including diplomats who spoke out in dissent against this discriminatory ban. Senator Marco Rubio of Florida and Tim Scott of South Carolina both lamented "the confusion, anxiety and uncertainty" created over the last few days. That awareness in human conscious is the living example of the message of Begumpura promoted by Sri Guru Ravidass Ji.



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

The concepts of "Begumpura" or "Ram Rajaya" or "Jannat" demonstratesthe ideals of pureness of great and unadulterated souls who promoted freedom, equality and justice for all. They campaigned against the darkness of exploitation and greed. It is contributions from such great souls that peoplecan enjoy dignity and respect without discrimination of race, caste, religion, gender, national origin, disability and sexual orientation. We know that when we look at the period of Sri Guru Ravidass Ji,it was very hard for certain sectors of society to protect themselves or their families from indignity, humiliation and violence.

Therefore, the need of Sri Guru Ravidass Ji's Begumpurais very relevant today as it has been centuries ago. We all need to create a state of mind where everyone lives in peace without suffering or anxiety. The true learning from this concept will be to create awareness against the current system of exploitation or unfair taxes on the commoditiestrapping people to lower levels of welfare thus, increasing the inequality between haves and have nots. Sri Guru Ravidass Ji's message motivates us to work to establish a system of no fear, blemish or downfall for anyone.

He visualized the "perfect state of mind;it is where there is lasting peace and safety for all. Certainly, this is what we desperately need today. He wrote;"God's Kingdom is steady, stable and eternal, there is no second or third status; all are equal there". He was able to dream about the city which was very populous and eternally famous and those who live thereinwere wealthy and contented. He continues; "They stroll about freely, just as they please.

They know the Mansion of the Lord's Presence, and no one blocks their way." The true reflection of Begumpura will be to help create a community, city, state, nation or a global village where everybody lives in peace and harmony. It is where everyone is our friend. At last, everyone has affordable housing, food and universal health care all over the globe including here in United States of America.




ਸ੍ਰੀ ਗੁਰੂ ਰਵਿਦਾਸ ਜੀ ਦੇ 640ਵੇਂ ਦੁਨੀਆਂ ਭਰ ਵਿਚ ਮਨਾਏ ਜਾ ਰਹੇ ਗੁਰਪੁਰਬ ਦੀਆਂ ਸਮੂਹ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ

Dr. Harmesh Kumar



# Raja

## SWEETS & CATERING

AUTHORIZED CATERER FOR MAJOR 5-STAR HOTELS



### ITEMS SERVING

All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

### CATERING SERVICE

Wedding Ceremonies | Receptions
Birthday Parties | Corporate Events
Religious Gatherings
Picnics/Bar-B-Que

### ADDITIONAL SERVICE

Warmers | Chaffing Dishes
China & Silverware
Linen Rental | Waiters
Bartenders



CONTACT US:
**RAJA SWEETS & CATERING**
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook — rajasweetsandcatering
Follow us on Twitter — rajasweets



# INDIA MARKET

INDIA MARKET

## SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

CHAAT PLATE — ONLY FOR $2.99

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

## Super Eyebrow Threading Now Open

Eyebrow Threading & Henna Tattoo

7 times, Get 8th one free!



**Inside India Market**

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-338-5511

Email: IndiaMarketRoseville@gmail.com



# ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

## ਸਾਡੀ ਸਪੈਸ਼ਲਟੀ

* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

### Threading Salon

Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



## KASH FABRICS

ONE STOP SHOPPING CENTRE

29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



# INDIA BAZAAR




## INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)

ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਦਿਹਾੜਾ 5 ਮਾਰਚ 2017 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

## ਪ੍ਰੋਗਰਾਮਾਂ ਦਾ ਵੇਰਵਾ

* 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 4 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ

ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਗੁਰੂ ਘਰ
559-486-3091

ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706





ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।


ਵਿਜੇ ਸਰੋਇਆ ਮੀਡੀਆ ਪਰਸਨ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
ਅਤੇ ਸਮੂਹ ਪਰਿਵਾਰ


ਰਾਜੇਸ਼ ਲਾਲੀ ਬੋਰਡ ਆਫ ਟਰੱਸਟੀ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
ਅਤੇ ਸਮੂਹ ਪਰਿਵਾਰ

## ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਚ

# 'ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ'



ਪ੍ਰੋ: ਐਚ.ਐਲ.ਕਪੂਰ
001- 916- 587-4002

ਸਵਾਮੀ ਰਾਮਾਨੰਦ ਜੀ ਅਚਾਰੀਆ, 'ਰਾਮਾਨੁਜ ਪੱਧਤੀ' ਦੇ ਚੌਦਵੇਂ ਅਚਾਰੀਆ ਸਨ। ਉਨ੍ਹਾਂ ਨੇ ਰਾਮਾਨੁਜ ਜੀ ਦੀ 'ਰਾਧਾ ਕ੍ਰਿਸ਼ਨ' ਭਗਤੀ ਦੇ ਉਲਟ 'ਰਾਮ ਭਗਤੀ' 'ਤੇ ਜ਼ੋਰ ਦਿੱਤਾ। ਉਹ ਉੱਤਰੀ ਭਾਰਤ ਵਿਚ 'ਰਾਮ ਭਗਤੀ ਸ਼ਾਖਾ' ਨੂੰ ਬੜੇ ਜ਼ੋਰ-ਸ਼ੋਰ ਨਾਲ ਪ੍ਰਚੱਲਿਤ ਕਰਨ ਵਾਲੇ ਮੁਢਲੇ ਆਚਾਰੀਆ ਮੰਨੇ ਜਾਂਦੇ ਹਨ। ਰਾਮਾ ਨੰਦ ਜੀ ਨੇ ਆਪਣੀ ਪੁਰਾਣੀ 'ਸੰਪਰਦਾਇ-ਰਾਮਾਨੁਜੀ' ਕ੍ਰਿਸ਼ਨ ਭਗਤੀ ਤੋਂ ਵੱਖਰੀ 'ਰਾਮ ਭਗਤੀ ਸ਼ਾਖਾ' ਖੜ੍ਹੀ ਕੀਤੀ ਅਤੇ ਜਾਤ-ਪਾਤ ਦਾ ਬੰਧਨ ਤੋੜ ਕੇ ਭਗਤੀ ਲਈ ਕਥਿਤ ਸ਼ੂਦਰਾਂ ਅਤੇ ਅਛੂਤਾਂ ਨੂੰ ਸ਼ਾਮਲ ਕਰਕੇ, ਉਦਾਰਵਾਦੀ ਹੋਣ ਦਾ ਕਰਮ ਕੀਤਾ।

ਇਸ ਤਰ੍ਹਾਂ 'ਕ੍ਰਿਸ਼ਨ ਭਗਤੀ' ਜੋ ਭਗਤੀ ਮੱਤ ਦੀ ਪਹਿਲੀ ਪ੍ਰਚੱਲਿਤ ਪ੍ਰਣਾਲੀ ਸੀ, ਦੀ ਲੀਹ ਤੋੜਨ ਵਾਲੇ ਹੋਣ ਕਾਰਨ, ਰਾਮ ਨੰਦ ਜੀ ਆਪਣਾ ਵਿਸ਼ੇਸ਼ ਸਥਾਨ ਰੱਖਦੇ ਹਨ। ਇਸ ਤਰ੍ਹਾਂ ਰਾਮਾਨੰਦ ਜੀ ਉੱਤਰੀ ਭਾਰਤ ਵਿਚ 'ਭਗਤ-ਮੰਡਲੀ' ਦੀ ਪ੍ਰਥਮ ਸ਼ਖਸੀਅਤ ਸਨ। ਪਹਿਲਾਂ ਇਹ ਸਰਗੁਣਵਾਦੀ ਸਨ ਤੇ ਬਾਅਦ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਣ ਉਪਰੰਤ, ਪ੍ਰਭਾਵਿਤ ਹੋ ਕੇ, ਨਿਰਗੁਣਵਾਦੀ ਬਣ ਗਏ ਜੋ ਅੰਤ ਵਿਚ ਇਹ ਗੁਰਮੱਤ ਦੇ ਧਾਰਨੀ ਬਣ ਕੇ ਪ੍ਰਵਾਨ ਚੜ੍ਹੇ। ਇਹਨਾਂ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ।

'ਭਗਤੀ ਲਹਿਰ' ਦੇ 15 'ਭਗਤ ਗੁਰੂਆਂ' ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਸਤਿਗੁਰੂ ਰਵਿਦਾਸ ਜੀ ਦੀ ਬਾਣੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ 16 ਰਾਗਾਂ ਵਿਚ ਦਰਜ ਹੈ। ਕੁੱਲ ਬਾਣੀ ਇਕ ਸ਼ਲੋਕ ਸਮੇਤ 41 ਪਦੇ ਹਨ। ਪਦਿਆਂ ਵਿਚ ਵੱਖ-ਵੱਖ ਵਿਸ਼ੇ ਹਨ ਜੋ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹਨ ਤੇ ਮਾਨਵਤਾ ਨੂੰ ਇਕ ਚੰਗਾ ਮਾਨਵ ਬਣਨ ਤੇ ਪ੍ਰਭੂ ਭਗਤੀ ਦੀ ਪ੍ਰੇਰਨਾ ਦਿੰਦੇ ਹਨ।

ਸਭ ਤੋਂ ਵਿਲੱਖਣ ਚੀਜ਼ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਨੇ ਬੜੀ ਨਿਸੰਗਤਾ ਨਾਲ ਆਪਣੀ ਜਾਤੀ ਅਤੇ ਆਪਣੇ ਕਿੱਤੇ ਨੂੰ ਨਿਰਸੰਕੋਚ ਸ਼ਬਦਾਂ ਵਿਚ ਬਿਆਨ ਕੀਤਾ ਹੈ। ਜਿਸ ਜਾਤੀ ਅਤੇ ਧੰਦੇ ਨੂੰ ਬਹੁਤ ਘਟੀਆ, ਨੀਚ ਅਤੇ ਭ੍ਰਿਸ਼ਟ ਮੰਨਿਆ ਜਾਂਦਾ ਸੀ, ਉਸ ਬਾਰੇ ਇਸ ਤਰ੍ਹਾਂ ਬਿਆਨ ਕਰਦੇ ਹਨ, "ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।। ਕਹਿ ਰਵਿਦਾਸ ਖਲਾਸ ਚਮਾਰਾ, ਲੋਗ ਗਠਾਵੈ ਪਨਹੀ।"

ਰਵਿਦਾਸ ਜੀ ਨੇ ਪ੍ਰਭੂ ਦੇ ਨਾਮ ਦੀ ਪ੍ਰਾਪਤੀ ਤੇ ਉਸ ਰਾਹੀਂ, 'ਨਿਰੰਜਨ ਪਾਉਣ' ਦੇ ਅਹਿਸਾਸ ਵਰਣਨ ਕੀਤੇ ਹਨ। ਪ੍ਰੇਮ ਭਗਤੀ ਦੇ ਰਾਹ ਚੱਲ ਕੇ, 'ਮਿਲ ਸਾਧ ਸੰਗਤ ਪਾਈ ਪਰਮ ਗਤੇ।' ਗੁਰੂ ਪ੍ਰਸਾਦਿ ਨਿਰੰਜਨ ਪਾਵਉ' ਦੇ ਸੰਕੇਤਾਂ ਰਾਹੀਂ ਦਰਸਾਇਆ ਹੈ, ਕਿ ਮੈਂ ਇਹ ਉੱਚ ਪਦਵੀ ਕਿਵੇਂ ਪ੍ਰਾਪਤ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਆਏ ਦੋ ਵਿਚਾਰ ਅਧਿਆਤਮਕ ਪੱਖੋਂ ਬਹੁਤ ਮਹੱਤਤਾ ਰੱਖਦੇ ਹਨ। ਪਹਿਲਾ ਹੈ, ਆਤਮ ਗਿਆਨ ਦਾ ਪ੍ਰਗਾਸ, ਦੂਜਾ ਹੈ ਪ੍ਰੇਮਾ ਭਗਤੀ ਦੇ ਨਾਲ ਮਾਨਵਵਾਦ ਦਾ। ਗਿਆਨ ਦਾ ਪ੍ਰਕਾਸ਼ ਹੋ ਜਾਣ ਦੇ ਵੀ ਦੋ ਅਨੁਭਵ ਦੱਸੇ ਹਨ। ਇਕ ਗਿਆਨ ਦੀ ਉਪਜ ਦਾ, "ਉਪਜਿਓ ਗਿਆਨ ਹੂਆ ਪ੍ਰਗਾਸ।" ਦੂਸਰਾ ਹੈ ਗਿਆਨ ਦੇ ਹੋ ਜਾਣ ਕਾਰਨ 'ਕਰਮਾਂ ਦੇ ਨਾਸ਼' ਹੋ ਜਾਣ ਦਾ 'ਗਿਆਨ ਭਇਆ ਤਹ ਕਰਮਹ ਨਾਸੁ'।

ਗਿਆਨ ਪ੍ਰਾਪਤੀ ਦਾ ਸਾਧਨ ਉਨ੍ਹਾਂ ਸਾਧੂ-ਸੰਤਾਂ ਦੀ ਸੰਗਤ ਦੱਸਿਆ ਹੈ। 'ਸਾਧੂ ਕੀ ਮਨ ਲੇਹ ਓਟ'।। ਇਸ ਤੋਂ ਅੱਗੇ ਚੱਲ ਕੇ ਨਿਰੰਜਨ ਪ੍ਰਾਪਤੀ ਦਾ ਸਾਧਨ, ਗੁਰੂ ਪਾਰਬ੍ਰਹਮ ਦੀ ਕ੍ਰਿਪਾ ਨੂੰ ਮੰਨਿਆ ਹੈ। 'ਗੁਰੁ ਪ੍ਰਸਾਦਿ ਨਿਰੰਜਨ ਪਾਵਉ' ਪ੍ਰੇਮ ਭਾਵਨਾ ਹੀ ਨਿਰੰਜਨ ਪ੍ਰਾਪਤੀ ਦਾ ਸਾਧਨ ਹੈ, ਜੋ ਸੰਤਾਂ-ਸਾਧੂਆਂ ਦੀ ਸੰਗਤ ਤੇ ਗੁਰੂ ਕਿਰਪਾ ਤੋਂ ਪ੍ਰਾਪਤ ਹੁੰਦੀ ਹੈ।

'ਸਾਧ ਸੰਗਤਿ ਬਿਨ ਭਾਉ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ।।'

ਪ੍ਰੇਮ ਭਾਵਨਾ ਦੀ ਭਾਵੇਂ ਕੋਈ ਸ਼ਕਲ ਜਾਂ ਸਰੂਪ ਨਹੀਂ ਹੈ, ਪਰ ਉਸ ਦੀ ਪਕੜ ਦੁਨਿਆਵੀ ਵਸਤਾਂ ਨਾਲੋਂ ਵੀ ਕਿਤੇ ਜ਼ਿਆਦਾ ਮਜ਼ਬੂਤ ਹੈ। ਪ੍ਰੇਮ ਦੀ ਸੰਗਲੀ ਕਦੀ ਟੁੱਟ ਨਹੀਂ ਸਕਦੀ। ਜੋ ਜਗਿਆਸੂ ਪ੍ਰੇਮ ਬੰਧਨ ਵਿਚ ਬੱਝਿਆ ਹੁੰਦਾ ਹੈ, ਤਾਂ ਉਸ ਅਰੂਪ ਪ੍ਰੀਤਮ ਦੀ ਕੋਈ ਸ਼ਕਲ ਨਹੀਂ ਹੁੰਦੀ, ਉਹ ਵੀ ਪ੍ਰੇਮ ਬੰਧਨਾਂ ਤੋਂ ਬਚਿਆ ਨਹੀਂ ਰਹਿ ਸਕਦਾ। ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪ੍ਰੇਮਾ ਭਗਤੀ ਨੂੰ ਮੁੱਖ ਪਹਿਲ ਦਿੱਤੀ ਹੈ। ਤੀਰਥਾਂ 'ਤੇ ਜਾਣ ਤੇ ਉਥੇ ਜਾ ਕੇ ਕਰਮ ਕਾਂਡੀ ਕਰਵਾਉਣ ਦੀਆਂ ਵਿਧੀਆਂ ਦੀ ਘੋਰ ਵਿਰੋਧਤਾ ਕੀਤੀ ਹੈ। ਨਿੰਦਕ ਦੀ ਵੀ ਘੋਰ ਵਿਰੋਧਤਾ ਕੀਤੀ ਹੈ ਤੇ ਦੱਸਿਆ ਹੈ ਕਿ ਨਿੰਦਕ ਦੀ ਸਮਾਜ ਵਿਚ ਕਿਤੇ ਵੀ ਕੋਈ ਥਾਂ ਨਹੀਂ ਹੈ:-

'ਕਹੁ ਰਵਿਦਾਸ ਪਾਪੀ ਨਰਕਿ ਸਿਧਾਇਆ।।'

ਸਤਿਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਨਾ ਛੋਹਿਆ ਜਾਣ ਵਾਲਾ ਭ੍ਰਸ਼ਟ ਪਾਣੀ, ਸੁਰਸਰੀ ਵਿਚ ਮਿਲ ਕੇ ਪਵਿੱਤਰ ਹੋ ਜਾਂਦਾ ਹੈ, ਜਿਸ ਤਰ੍ਹਾਂ ਉਹ ਕਾਗ਼ਜ਼, ਜਿਸ ਉੱਤੇ ਪ੍ਰਭੂ ਭਗਤੀ ਲਿਖੀ ਹੁੰਦੀ ਹੈ, ਉਹ ਪੂਜਣਯੋਗ ਬਣ ਜਾਂਦਾ ਹੈ, ਜਿਸ ਮਾਨਵ ਦੇ ਹਿਰਦੇ ਵਿਚ ਪ੍ਰਭੂ ਵਾਸ ਕਰਦਾ ਹੈ, ਉਹ ਮਾਨਵ ਵੀ ਪੂਜਣਯੋਗ ਬਣ ਜਾਂਦਾ ਹੈ। 'ਹਰਿ ਜਪਤ ਤੇਊ ਜਨਾਂ ਕਬੀਰ, ਬਾਲਮੀਕ ਪੂਜਣਯੋਗ ਮੰਨੇ ਜਾਂਦੇ ਹਨ। ਪ੍ਰਭੂ ਦੇ ਨਾਮ ਦੇ ਕਾਰਨ ਹੀ, 'ਕਬੀਰ ਜੀ ਉਜਾਗਰ ਹੋਏ ਅਤੇ 'ਸਧਨਾ, ਸੈਣ ਤਰੇ।'

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਪੌਰਾਣਿਕ ਪੰਥੀ ਭਗਤਾਂ ਦਾ ਵੀ ਵਰਣਨ ਹੈ। ਗੌਤਮ ਨਾਰ ਦੀ ਜੀਵਨੀ ਵੱਲ ਵੀ ਇਸ਼ਾਰਾ ਹੈ। ਇਨਸਾਨ ਦੀ ਮਾਇਆ ਪ੍ਰਾਪਤੀ ਵੱਲ ਵਧੀ ਰੁਚੀ, ਸਰੀਰ ਦੀ ਹਉਮੈ ਨੂੰ ਆਪਣੇ ਕਾਬੂ ਵਿਚ ਰੱਖ ਕੇ, ਸਰੀਰਕ ਸ਼ਕਤੀ ਨੂੰ ਸੰਭਾਲ ਕੇ ਵਰਤਣ ਦੀ ਪ੍ਰੇਰਨਾ ਵੀ ਦਿੱਤੀ ਹੈ। 'ਮਾਇਆ ਗਈ ਤਬ ਰੋਵਨੁ ਲਗਤ ਹੈ।' ਆਖਰ ਸਰੀਰ ਹੈ ਕੀ? ਇਕ ਪਾਣੀ ਦੀ ਕੱਚੀ ਕੰਧ। 'ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।" ਇਸ ਲਈ ਹੇ! ਮਾਨੁਸ਼ ਆਪਣੇ ਸਰੀਰ ਦਾ ਗਰਭ ਨਾ ਕਰ ਸਗੋਂ ਇਸ ਸਰੀਰ ਨੂੰ ਮਾਨਵ ਕਲਿਆਣ ਲਈ ਵਰਤ।

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ, ਸਭ ਲੋਕਾਈ ਦੇ ਕਲਿਆਣ ਦੀ ਤੜਪ ਹੈ। ਮਾਨਵਤਾ ਦੇ ਕਲਿਆਣ ਲਈ ਡੂੰਘੀ ਇੱਛਾ-ਸ਼ਕਤੀ ਹੈ। ਪ੍ਰਮਾਤਮਾ ਨੂੰ ਸਾਖਿਆਤ ਕਰਨ ਲਈ ਵਿਸਮਾਦੀ ਅਨੁਭਵ ਹੈ। ਕਰਮਸ਼ੀਲਤਾ ਦੀ ਸਿੱਖਿਆ ਹੈ, ਸਮਾਜਿਕ ਦੁਸ਼ਵਾਰੀਆਂ ਅਤੇ ਰੁਕਾਵਟਾਂ ਉੱਤੇ ਯਕੀਨਨ ਵਿਜੇ ਪ੍ਰਾਪਤ ਕਰਨ ਦਾ ਸੰਦੇਸ਼ ਹੈ।

ਰਵਿਦਾਸ ਜੀ ਦੀ ਕਲਾਕ੍ਰਿਤ ਵਿਚ ਇਕ ਜਗਿਆਸੂ ਭਗਤ ਲਈ, ਉਨ੍ਹਾਂ ਅਮੋਲਕ ਖਜਾਨਿਆਂ ਦੀ ਪੂੰਜੀ ਹੈ, ਜਿਹਨਾਂ ਦੀ ਕੀਮਤ ਮਾਨਵਤਾ ਦੇ ਦਰ 'ਤੇ ਕਦੀ ਘਟੇਗੀ ਨਹੀਂ। ਨਿਮਰਤਾ, ਹਲੀਮੀ, ਉਦਾਰਤਾ, ਖਿਮਾ, ਸਹਿਣਸ਼ੀਲਤਾ ਤੇ ਸਾਦਗੀ ਦੇ ਉਹ ਖਿੜੇ ਫੁੱਲ ਹਨ, ਜਿਹਨਾਂ ਦੀ ਮਹਿਕ ਕਦੇ ਪੁਰਾਣੀ ਨਹੀਂ ਹੋ ਸਕਦੀ। ਰਵਿਦਾਸ ਜੀ ਦੀ ਬਾਣੀ ਵਿਚ ਕਲਾ-ਕੌਸ਼ਲਤਾ, ਭਾਸ਼ਾ ਦੀ ਸੰਜਮਤਾ, ਭਾਵਾਂ ਦੀ ਨਿਰੂਪਣਤਾ ਦੇ ਪ੍ਰਪੱਕ ਉਦਾਹਰਣ ਦੇਖਣੇ ਹੋਣ ਤਾਂ ਨਿਮਨ ਦੋ ਸੱਤਰਾਂ ਹੀ ਕਾਫੀ ਹਨ, ਜਿਹਨਾਂ ਵਿਚ ਇਕੋ ਸਮੇਂ ਕਈ ਖਿਆਲ ਪਰੋ ਦਿੱਤੇ ਹਨ:

"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।।"




ਕੰਨਾਂ ਦਾ ਰਸ ਹਿਰਨ ਨੂੰ, ਮੱਛੀ ਨੂੰ ਜੀਭ ਦਾ ਰਸ, ਪਤੰਗੇ ਨੂੰ ਅੱਖਾਂ ਦਾ, ਹਾਥੀ ਨੂੰ ਕਾਮ ਦਾ, ਸਾਰਿਆਂ ਲਈ ਇਕ-ਇਕ ਵਿਖਾਧੀ ਰਸ, ਜੋ ਵਿਨਾਸ਼ ਦਾ ਕਾਰਨ ਬਣਦਾ ਹੈ, ਜਿਸ ਮਨੁੱਖ ਵਿਚ ਪੰਜ ਵਿਖਾਧੀ ਅਸਾਧ ਰੋਗ ਰਚੇ ਹੋਣ, ਉਸ ਦੇ ਬਚਣ ਦੀ ਕੀ ਆਸ ਹੈ। ਇਸੇ ਖਿਆਲ ਨੂੰ ਹੋਰ ਜਗ੍ਹਾ 'ਤੇ ਵੀ ਦੁਹਰਾਇਆ ਹੈ। ਇਹ ਪੰਜੋ ਮੈਨੂੰ ਪਲ-ਪਲ ਹਰੀ ਤੋਂ ਦੂਰ ਕਰ ਰਹੇ ਹਨ:-

"ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।।"

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਬੜੀ ਸਰਲਤਾ ਤੇ ਵਿਚਾਰਾਂ ਦੀ ਬੜੀ ਸਪਸ਼ਟਤਾ ਹੈ। ਉਹ ਬੜੇ ਥੋੜ੍ਹੇ ਲਫਜ਼ਾਂ ਵਿਚ ਆਪਣੇ ਵਿਚਾਰ ਪ੍ਰਗਟਾ ਜਾਂਦੇ ਹਨ। ਕਈ ਥਾਵਾਂ 'ਤੇ ਕਮਾਲ ਦੇ ਸੰਜਮ ਭਰੇ ਖਿਆਲ ਹਨ। ਥੋੜ੍ਹੇ ਸ਼ਬਦਾਂ ਵਿਚ ਗਿਆਨ, ਵੈਰਾਗ, ਭਗਤੀ ਤੇ ਨਿਮਰਤਾ ਦੇ ਅਥਾਹ ਭੰਡਾਰ ਭਰੇ ਪਏ ਹਨ:-

"ਪੜੀਐ ਗੁਣੀਐ ਨਾਮ ਸਭ ਸੁਨੀਐ ਅਨਭਉ ਭਾਉ ਨ ਦਰਸੈ।।
ਲੋਹਾ ਕੰਚਨ ਹਿਰਨ ਹੋਏ ਕੈਸੇ ਜਉ ਪਾਰਸਹਿ ਨ ਪਰਸੈ।।"

ਪੜ੍ਹਨ ਸੁਣਨ ਨਾਲ ਕੁਝ ਨਹੀਂ ਹੁੰਦਾ, ਜੋ ਪਾਰਸ ਵਾਂਗ ਲੋਹੇ ਤੋਂ ਸੋਨਾ ਬਣਾ ਦੇਣ ਦੀ ਪਰਸਣ ਵਾਲੀ ਛੋਹ ਕਰਦੀ ਹੈ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਦੇਖਿਆਂ ਸਤਿਗੁਰੂ ਰਵਿਦਾਸ ਜੀ ਦੀ ਗਿਆਨ ਪ੍ਰਪੱਕਤਾ ਦੀ ਅਵਸਥਾ ਦੀ ਸ਼ਾਹਦੀ ਦਿੰਦੀ ਹੈ:-

ਗਿਆਨੈ ਕਾਰਨ ਕਰਮ ਅਭਿਆਸੁ।।
ਗਿਆਨ ਭਇਆ ਤਹ ਕਰਮਹ ਨਾਸੁ।।

ਜਿਸ ਸਮੇਂ ਵਿਚ ਸਤਿਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਸ ਸਮੇਂ ਨੂੰ ਭਾਰਤ ਦੇ ਇਤਿਹਾਸ ਵਿਚ ਮੱਧ-ਯੁੱਗ ਦਾ ਸਮਾਂ ਕਹਿੰਦੇ ਹਨ। ਇਸ ਮੱਧ-ਯੁੱਗ ਵਿਚ ਤੇ ਇਸ ਤੋਂ ਪਹਿਲੋਂ ਵੀ ਭਾਰਤ ਵਿਚ ਛੋਟੀਆਂ ਜਾਤੀਆਂ ਤੇ ਕਥਿਤ ਅਛੂਤ ਜਾਤੀਆਂ ਦੇ ਲੋਕਾਂ ਨੂੰ ਪਸ਼ੂਆਂ ਤੋਂ ਵੀ ਘਟੀਆ ਸਮਝਿਆ ਜਾਂਦਾ ਸੀ। ਇਨ੍ਹਾਂ ਜਾਤੀਆਂ ਵਿਚੋਂ ਕਿਸੇ ਨੂੰ ਸ਼ਾਸਤਰੀ ਗਿਆਨ ਜਾਂ ਸ਼ਾਸਤਰੀ ਗਿਆਨ ਪ੍ਰਾਪਤ ਕਰਨ ਦੀ ਸਜਾ ਮੌਤ ਦਿੱਤੀ ਜਾਂਦੀ ਸੀ। ਪ੍ਰਭੂ ਭਗਤੀ ਕਰਨੀ ਵੀ ਇਨ੍ਹਾਂ ਵਰਗਾਂ ਲਈ ਵੰਚਿਤ ਸੀ। ਪਤਾ ਲੱਗਣ 'ਤੇ ਪ੍ਰਭੂ ਭਗਤੀ ਦੀ ਸਜਾ ਸ੍ਰੀ ਰਾਮ ਚੰਦਰ ਜੀ ਵਰਗੇ ਨਿਆਂਸ਼ੀਲ ਅਵਤਾਰ ਵੀ ਉੱਚ ਜਾਤੀਆਂ ਵਾਲੀ ਮਰਿਆਦਾ ਪਾਲਣ ਤੋਂ ਪਿੱਛੇ ਨਹੀਂ ਹਟਦੇ ਸਨ, ਜਿਸ ਦਾ ਪ੍ਰਮਾਣ ਅਛੂਤ (ਸ਼ੰਬੂਕ) ਵੱਧ ਹੈ। ਉਸ ਸਮੇਂ ਦੇਸ਼ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਹਾਲਤ ਬਹੁਤ ਬੁਰੀ ਸੀ। ਇਸ ਬੁਰੀ ਹਾਲਤ ਦਾ ਲੋਕਾਂ ਤੇ ਕੋਈ ਚੰਗਾ ਪ੍ਰਭਾਵ ਨਹੀਂ ਸੀ ਸਭਨਾਂ ਕਿਸਮਾਂ ਦੀ ਮੰਦੀ ਦਸ਼ਾ ਦੀਆਂ ਜੜ੍ਹਾਂ, ਸਮਾਜਿਕ ਵਰਣ-ਵੰਡ ਦੀ ਜਟਿਲ ਅਵਸਥਾ ਵਿਚ ਸਨ। ਸਭ ਭਾਈਚਾਰਿਆਂ ਵਿਚ ਆਪਸੀ ਸਾਂਝ ਦੀ ਅਣਹੋਂਦ ਸੀ। ਜੇਕਰ ਇਕ ਵਰਗ ਨੂੰ ਕੋਈ ਮੁਸੀਬਤ ਪੈਂਦੀ ਤਾਂ ਦੂਸਰਾ ਵਰਗ ਉਸ ਦੀ ਮਦਦ ਲਈ ਮੈਦਾਨ ਵਿਚ ਨਾ ਆਉਂਦਾ, ਸਗੋਂ ਦੂਰ ਖੜੋ ਕੇ ਉਸ ਦਾ ਤਮਾਸ਼ਾ ਦੇਖਦਾ, ਮਾਨਵਤਾ ਦੀ ਕੋਈ ਸਾਂਝ ਨਹੀਂ ਸੀ। ਅਛੂਤ ਜਾਤੀਆਂ ਦਾ ਕੋਈ ਸਹਾਈ ਨਹੀਂ ਸੀ, ਹਵਾ ਤੱਕ ਦੇ ਛੋਹ ਕੇ ਆਉਂਦੇ ਬੁੱਲ੍ਹੇ ਵੀ ਕੁਲੀਨ ਜਾਤੀਆਂ ਨੂੰ ਭਿੱਟ ਚਾੜ੍ਹ ਜਾਂਦੇ ਸਨ। ਅਛੂਤ ਲੋਕਾਂ ਨੂੰ ਆਪਣੀ ਪਿੱਠ ਨਾਲ ਦਰਖ਼ਤ ਦੇ ਛਾਪੇ ਜਾਂ ਕੋਈ ਅਜਿਹੀ ਚੀਜ਼ ਬੰਨ੍ਹਣੀ ਪੈਂਦੀ ਸੀ ਜੋ ਰਸਤਿਆਂ ਤੇ ਚਲਦੇ ਸਮੇਂ ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਮਿਟਾਅ ਦੇਵੇ, ਮਤਾ ਇਹ ਅਛੂਤਾਂ ਦੇ ਪਦ-ਚਿੰਨ੍ਹ, ਕੁਲੀਨ ਸ਼੍ਰੇਣੀਆਂ ਨੂੰ ਭਿੱਟ ਨਾ ਚਾੜ੍ਹ ਦੇਣ।

ਵਰਣਾਂ ਦੀਆਂ ਜੜ੍ਹਾਂ ਵੇਦਾਂ ਵਿਚ ਹਨ। ਰਿਗਵੇਦ ਦੇ ਪੁਰਸ਼ ਸੂਕਤ ਦੇ ਇਕ ਮੰਤਰ ਦਾ ਭਾਵ ਇਸ ਤਰ੍ਹਾਂ ਹੈ:- ਬ੍ਰਾਹਮਣ ਪ੍ਰਭੂ ਦਾ ਮੂੰਹ ਹੈ, ਕਸ਼ਤਰੀ ਉਸ ਦੀਆਂ ਬਾਹਵਾਂ, ਜੋ ਵੈਸ਼ ਹਨ ਉਹ ਈਸ਼ਵਰ ਦਾ ਪੇਟ ਹਨ ਅਤੇ ਸ਼ੂਦਰ ਈਸ਼ਵਰ ਦੇ ਪੈਰਾਂ 'ਚੋਂ ਪੈਦਾ ਹੁੰਦੇ ਹਨ। ਮਨੂੰ ਸਿਮਰਤੀ ਕਹਿੰਦੀ ਹੈ: ਪ੍ਰਮਾਤਮਾ ਨੇ ਸ਼ੂਦਰਾਂ ਨੂੰ ਕੇਵਲ ਇਕੋ ਕੰਮ ਸੌਂਪਿਆ ਹੈ ਕਿ ਉਹ ਤਿੰਨਾਂ ਵਰਣਾਂ (ਬ੍ਰਾਹਮਣ, ਖੱਤਰੀ ਤੇ ਵੈਸ਼) ਦੀ ਤਨ, ਮਨ ਨਾਲ ਸੇਵਾ ਕਰਨ।

ਸਾਡੇ ਧਾਰਮਿਕ ਗ੍ਰੰਥ, ਧਰਮ ਸ਼ਾਸਤ੍ਰ ਵੀ ਅਛੂਤਾਂ ਨਾਲ ਦੁਰਵਿਵਹਾਰ ਦਾ ਹੀ ਸੰਦੇਸ਼ ਦਿੰਦੇ ਸਨ ਕਿ ਅਛੂਤ ਭ੍ਰਸ਼ਟ ਤੇ ਨਖਿੱਧ ਹਨ। ਇਨ੍ਹਾਂ ਨੂੰ ਲਤਾੜ ਕੇ ਥਾਂ ਸਿਰ ਰੱਖਣਾ, ਨੀਚ ਸਮਝ ਕੇ ਧਿਰਕਾਰਨ ਦਾ ਅਧਿਕਾਰ, ਸ਼ੁੱਧ ਕਰਮ ਜਾਣਿਆ ਜਾਂਦਾ ਸੀ। ਇਸ ਮਾਨਤਾ ਨੂੰ ਤੋੜਨਾ ਬਹੁਤ ਹੀ ਅਸੰਭਵ ਜਾਪਦਾ ਸੀ। ਅਜਿਹੇ ਘੋਰ ਅਨਿਆਕਾਰੀ ਸਮਾਜ ਦੀ, ਸੋਚਾਂ ਅਤੇ ਵਿਚਾਰਾਂ ਦੀ ਦੁਨੀਆਂ ਵਿਚ ਪ੍ਰਭੂ ਭਗਤੀ ਕਰਨਾ ਹੀ ਇਕ ਸਮਾਜਿਕ ਇਨਕਲਾਬ ਲਿਆਉਣਾ ਸੀ। ਇਸ ਤਰ੍ਹਾਂ ਪ੍ਰਭੂ ਭਗਤੀ ਦਾ ਅਹਿਸਾਸ ਪੈਦਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ। ਇਨ੍ਹਾਂ ਜਾਤੀਆਂ ਵਿਚ ਇਕ 'ਧਾਰਮਿਕ ਸਾਧਕ' ਦਾ ਸਭ ਤੋਂ ਲਤਾੜੀ ਤੇ ਪੱਛੜੀ ਜਾਤੀ ਵਿਚੋਂ ਉੱਠ ਕੇ ਸ਼ੋਹਰਤ ਦੀਆਂ ਬੁਲੰਦੀਆਂ ਤੇ ਪਹੁੰਚਣਾ ਕੋਈ ਸਧਾਰਨ ਗੱਲ ਨਹੀਂ ਸੀ। ਫਿਰ ਉਸ ਨੂੰ ਗੁਰੂ ਸਾਹਿਬਾਨ ਦਾ ਨਿਵਾਜਣਾ ਤੇ ਉਨ੍ਹਾਂ ਦੀ ਬਾਣੀ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਨਾ ਇਕ ਮਹਾਨ ਕਾਰਜ ਸੀ। ਇਸ ਤਰ੍ਹਾਂ ਦੇ ਹਾਲਾਤ ਵਿਚ ਸਤਿਗੁਰੂ ਰਵਿਦਾਸ ਜੀ ਦਾ ਭਗਤੀ ਦੇ ਕਾਰਜ ਵਿਚ ਜੁੱਟ ਜਾਣਾ ਇਕ ਬਹੁਤ ਵੱਡਾ ਕਾਰਜ ਸੀ। ਇਹ ਸਭ ਕੁਝ ਉਨ੍ਹਾਂ ਨੇ ਕਰ ਦਿਖਾਇਆ। ਸਮਾਜਿਕ ਮਾਨਤਾ ਦੇ ਸਾਰੇ ਸਹਿਮਾਂ ਦੀ ਭੂਮੀ ਤੋੜ ਕੇ ਨਵੀਂ ਸਥਾਪਨਾ ਦੇ ਸਿੰਘਾਸਨ ਉੱਤੇ ਸਤਿਗੁਰੂ ਰਵਿਦਾਸ ਜੀ ਦਾ ਬੈਠਣਾ ਇਕ ਦਿਲਚਸਪ ਘਟਨਾ ਹੈ। ਅਛੂਤ ਜਾਤੀ ਤੇ ਇਸ ਪ੍ਰਭੂ ਭਗਤ ਦੇ ਦਰ 'ਤੇ ਉੱਚ ਵਰਗ ਦੇ ਮਹਾਨ ਸਪੂਤ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆ ਵਰਾਜਣਾ, ਇਕ ਚਮਤਕਾਰੀ ਵਰਤਾਰਾ ਹੈ। ਜਿਸ ਮਹਾਨ ਆਤਮਾ ਦੀ ਜਗਤ ਨੂੰ ਛੋਹ ਪਾਰਸ ਵਾਂਗ ਸੋਨਾ ਬਣਾਉਂਦੀ ਸੀ, ਜਿਸ ਰਵਿਦਾਸ ਦੀ ਛੋਹ ਤੋਂ ਭਿੱਟ ਚੜ੍ਹਦੀ ਸੀ, ਜਦੋਂ ਉਸ ਦੀ ਝੁੱਗੀ ਦੇ ਪਾਸ ਆਹਟ ਹੋਈ, ਰਵਿਦਾਸ ਜੀ ਦੇ ਬਾਗ-ਬਾਗ ਹੋ ਗਏ ਹਿਰਦੇ ਵਿਚੋਂ ਸ਼ੁਕਰਾਨੇ ਦੀ ਭਾਵਨਾ ਜਾਗ ਉੱਠੀ, ਰਵਿਦਾਸ ਜੀ ਦੇ ਮਨ ਦੇ ਭਾਵ ਸ਼ਬਦ ਬਣ ਗਏ। ਸ਼ਬਦਾਂ ਦੀ ਧੁਨੀ ਨੇ ਬਾਣੀ ਦਾ ਰੂਪ ਧਾਰਨ ਕਰ ਲਿਆ:-

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜ ਗੁਸਾਈਆਂ ਮੇਰਾ ਮਾਥੈ ਛਤ੍ਰ ਧਰੈ।।

ਜਦੋਂ-ਜਦੋਂ ਵੀ ਸਤਿਗੁਰੂ ਰਵਿਦਾਸ ਜੀ ਉਸ ਪਾਰਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ।

ਜਦੋਂ-ਜਦੋਂ ਵੀ ਸਤਿਗੁਰੂ ਰਵਿਦਾਸ ਜੀ ਉਸ ਪਾਰਬ੍ਰਹਮ ਗੁਰੂ ਦੇ ਸ਼ੁਕਰਾਨੇ ਵਿਚ ਆਉਂਦੇ ਸਨ ਤਾਂ ਇਹ ਸ਼ਬਦ ਗਾਉਂਦੇ ਸਨ।

ਸਤਿਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਤੇ ਜੀਵਨ ਘਾਲਣਾ ਦਾ ਫਲ ਨਿਕਲਿਆ ਤਾਂ ਉਸ ਪਾਰਬ੍ਰਹਮ ਗੁਰੂ ਦੀ ਕਿਰਪਾ ਨਾਲ ਨਿਰੰਜਨ ਦੀ ਪ੍ਰਾਪਤੀ ਹੋਈ। ਉਸ ਪ੍ਰਾਪਤੀ ਦਾ ਪ੍ਰਗਟਾ ਹੋਇਆ, ਗਿਆਨ ਦਾ ਪ੍ਰਗਾਸ ਹੋਇਆ ਤੇ ਆਤਮਾ ਤ੍ਰਿਪਤ ਹੋਈ:-

ਗੁਰ ਪਰਸਾਦਿ ਨਿਰੰਜਨ ਪਾਵਉ।।
ਉਪਜਿਓ ਗਿਆਨ ਹੂਆ ਪਰਗਾਸ।।
ਆਨਲ ਆਗਮ ਜੈਸੇ ਲਹਰਿ ਮਇ ਉਦਧਿ ਜਲ ਕੇਵਲ ਜਲ ਮਾਂਹੀ।।
ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ। ਕਨਕ ਕਟਿਕ ਜਲ ਤਰੰਗ ਜੈਸਾ।।

ਮੇਰੀ ਜਾਤੀ ਦਾ ਕੰਮ ਮਰੇ ਹੋਏ ਪਸ਼ੂ ਢੋਣਾ ਹੈ ਪਰ ਪ੍ਰਭੂ ਭਗਤੀ ਦੀ ਤਾਕਤ ਨਾਲ ਇਹ ਚਮਾਰ ਦੇ ਤਨ ਨੂੰ ਦੇਖੋ, ਕੁਲੀਨ ਬ੍ਰਾਹਮਣ ਵੀ ਨਮਸਕਾਰ ਕਰਦੇ ਹਨ। ਇਸ ਤਰ੍ਹਾਂ ਰਵਿਦਾਸ ਜੀ ਨੇ ਆਪਣੀ ਜਾਤੀ ਬਾਰੇ ਨੰਗਾ ਸੱਚ ਕਹਿ ਕੇ ਸਾਰੀ ਜਾਤੀ ਨਾਲ ਸਦੀਆਂ ਤੋਂ ਚਿੰਬੜਿਆ ਹੋਇਆ ਪਛੜੇਵਾਂ, ਕੁੰਜ ਵਾਂਗ ਲਾਹ ਕੇ ਪਿੱਛੇ ਸੁੱਟ ਦਿੱਤਾ। ਇਸ ਤਰ੍ਹਾਂ ਚਮਾਰ ਜਾਤੀ 'ਰਵਿਦਾਸੀਆ' ਬਣ ਗਈ। ਸਦੀਆਂ ਦੀ ਹੀਣਤਾ ਦੀ ਭਾਵਨਾ ਇਕ ਹਸਤੀ ਨੇ ਆਪਣੀ ਸਾਧਨਾ ਨਾਲ ਲਾਹ ਸੁੱਟੀ। ਜਾਤੀ ਦੇ ਕਰਤਵ ਪ੍ਰਤੀ ਹੀਣ ਭਾਵਨਾ ਪੈਦਾ ਕਰਨ ਵਾਲੇ ਅਨਾਰਦੀ ਵਰਤਾਓ 'ਦਾਰਿਦ ਦੇਖ ਸਭ ਕਉ ਹਸੈ' ਦੇ ਬੋਲਾਂ ਦੇ ਘ੍ਰਿਣਾ ਭਰੀਆਂ ਤੱਕਣੀਆਂ ਦੇ ਉਲਟ ਸਤਿਕਾਰ ਪੈਦਾ ਕਰ ਦਿੱਤਾ। 'ਆਚਾਰ ਸਰਿਤ ਬਿਪ ਡੰਡਾਉਤਾਂ' ਕਰਨ ਲੱਗੇ। ਇਹ ਵੱਡਾ ਪਲਟਾ ਦੁਨੀਆਂ ਦੇ ਲੋਕਾਂ ਨੇ, ਜਾਤ ਅਭਿਮਾਨੀ ਪੰਡਿਆਂ ਦੇ ਗੜ੍ਹ, ਵਰਨਾਂ ਆਸ਼ਰਮਾਂ ਤੇ ਕਰਮ ਕਾਂਡਾਂ ਦੀ ਕੰਡਿਆਲੀਆਂ ਵਾੜਾਂ ਵਿਚ, ਵੇੜ੍ਹੇ, ਨਗਰ, ਬਨਾਰਸ ਵਿਚ ਵਰਤੀਂਦਾ ਦੇਖਿਆ, ਦੁਨੀਆਂ ਨੇ ਰਵਿਦਾਸ ਜੀ ਦਾ ਜੱਸ ਕੰਨੀ ਸੁਣਿਆ। ਉਨ੍ਹਾਂ ਦੱਸਿਆ ਕਿ ਪ੍ਰੇਮਾ ਭਗਤੀ ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ ਦਾ ਨਹੀਂ, ਜਗਿਆਸੂ ਭਾਵੇਂ ਕਿਸੇ ਜਾਤ ਵਿਚੋਂ ਹੋਵੇ ਉਸ ਅੰਦਰ ਰੂਹਾਨੀ ਚੇਤਨਾ ਜਾਗੀ ਹੋਵੇ, ਸਾਧਨਾਂ ਕਰਕੇ ਹਰ ਜਾਤੀ ਦਾ ਮਨੁੱਖ ਅਤੇ ਜਾਤੀ, ਉੱਚੇ ਤੋਂ ਉੱਚੇ ਸਨਮਾਨ ਵਾਲੀ ਪਦਵੀ ਉੱਤੇ ਪੁੱਜ ਸਕਦਾ ਹੈ:-

ਜਿਹ ਕੁਲ ਸਾਧ ਬੈਸਨੌ ਹੋਇ।।
ਬਰਨ ਅਬਰਨ ਰੰਕ ਨਹੀਂ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ।।
ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਲ ਮਲੇਛ ਮਨ ਸੋਇ।।

ਰਵਿਦਾਸ ਜੀ ਨੂੰ ਭਗਤੀ ਦੀ ਚੇਤਨਾ ਵੱਲ ਖਿੱਚਣ ਲਈ ਸਭ ਤੋਂ ਪਹਿਲਾ ਅਹਿਸਾਸ ਪੌਰਾਣਿਕ ਕਾਲ ਦੇ ਭਗਤਾਂ ਦੀ ਸਮਾਜ ਵਿਚ ਮਾਨਤਾ ਅਤੇ ਸ਼ੋਭਾ ਤੋਂ ਜਾਗਿਆ। ਉਹ ਆਪਣੀ ਬਾਣੀ ਵਿਚ ਸ੍ਰੀ ਬਾਲਮੀਕ ਜੀ, ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦਾ ਜਿਕਰ ਕਰਦੇ ਹਨ ਕਿ ਜੇਕਰ ਉਹ ਭਗਤੀ ਕਰਨ ਨਾਲ ਤਰ ਸਕਦੇ ਹਨ ਤਾਂ ਉਹ ਕਿਉਂ ਨਹੀਂ? ਇਸ ਦੇ ਨਾਲ ਹੀ ਉਹਨਾਂ ਦੇ ਸਮਕਾਲੀ ਭਗਤ ਗੁਰੂਆਂ ਜਿਵੇਂ:- ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ ਤੇ ਸਤਿਗੁਰੂ ਸੈਨ ਜੀ ਦਾ ਵੀ ਬਹੁਤ ਪ੍ਰਭਾਵ ਪਿਆ। ਇਸ ਦੀ ਉਦਾਹਰਣ ਇਸ ਪ੍ਰਕਾਰ ਹੈ:-

ਹਰਿ ਕੇ ਨਾਮ ਕਬੀਰ ਉਜਾਗਰ।। ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧ ਪਿਆਇਆ।। ਤਉ ਜੱਗ ਜਨਮ ਸੰਕਟ ਨਹੀਂ ਆਇਆ।।
ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨੁ ਤਰੈ।।
ਕਹਿ ਰਵਿਦਾਸ ਸੁਣਹੁ ਰੇ ਸੰਤਹੁ ਹਰਿ ਜੀਉ ਤੇ ਸਭ ਸਰੈ।।

ਜਦੋਂ ਉਨ੍ਹਾਂ ਨੇ ਜਗਤ ਗੁਰੂ ਪਾਰਬ੍ਰਹਮ ਦਾ ਅਹਿਸਾਸ ਕਰ ਲਿਆ ਤਾਂ ਉਨ੍ਹਾਂ ਨੇ ਆਪਣੇ ਸਤਿਗੁਰੂ ਨੂੰ ਸਿੱਧਾ ਸੰਬੋਧਨ ਕੀਤਾ, ਇਹ ਭਾਵ ਨਾ ਨਿਮਨ-ਲਿਖਤ ਸੱਤਰਾਂ ਤੋਂ ਪ੍ਰਗਟ ਹੁੰਦਾ ਹੈ:-

ਤੁਮ ਕਹੀਅਤ ਹੋ, ਜਗਤ ਗੁਰ ਸੁਆਮੀ।।
ਹਮ ਹਮ ਕਰੀਅਤ ਕਲਿਜੁਗ ਕੇ ਕਾਮੀ।।

ਸਤਿਗੁਰੂ ਰਵਿਦਾਸ ਜੀ ਜਾਣਦੇ ਸਨ ਕਿ ਉਨ੍ਹਾਂ ਨੂੰ ਰਸਮਾਂ ਅਨੁਸਾਰ ਫੁੱਲ ਮਾਲਾ ਤੇ ਹੋਰ ਸਮੱਗਰੀ ਦੇਵਤੇ ਨੂੰ ਚੜ੍ਹਾਉਣ ਲਈ ਕਿਸੇ ਮੰਦਰ ਵਿਚ ਨਹੀਂ ਜਾਣ ਦਿੱਤਾ ਜਾਏਗਾ, ਇਸ ਲਈ ਉਨ੍ਹਾਂ ਨੇ ਆਪਣੇ ਮਨ ਨੂੰ ਹੀ ਮੰਦਰ ਬਣਾ ਲਿਆ ਤੇ ਕਿਹਾ ਕਿ ਉਹ ਸੁਆਮੀ ਤਾਂ ਸਭਨਾਂ ਘਟਾਂ ਵਿਚ ਵੱਗਦਾ ਹੈ:-'

'ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋਗਵੈ ਸੋਈ।।'

ਸਤਿਗੁਰੂ ਰਵਿਦਾਸ ਜੀ ਦੇ ਵਿਚਾਰਾਂ ਵਿਚ ਅਡੋਲਤਾ ਆ ਗਈ, ਇਸ ਪਿੱਛੇ ਉਨ੍ਹਾਂ ਦੇ ਜੀਵਨ ਦਾ ਲੰਬਾ ਤਜਰਬਾ ਸੀ। ਇਸ ਤਜਰਬੇ ਵਿਚੋਂ ਉਨ੍ਹਾਂ ਨੂੰ 'ਬੇਗਮਪੁਰਾ' ਦਾ ਅਹਿਸਾਸ ਹੋਇਆ। ਇਹ ਉਹ ਸੰਸਾਰ ਹੈ, ਜਿੱਥੇ ਕਿਸੇ ਨੂੰ ਕੋਈ ਗਮ ਤੇ ਫਿਕਰ ਨਾ ਹੋਵੇ। ਇਹ ਸੰਦੇਸ਼ ਉਨ੍ਹਾਂ ਨੇ ਸਮੁੱਚੀ ਮਾਨ-ਵਤਾ ਨੂੰ ਦਿੱਤਾ ਤੇ ਕਿਹਾ:-

ਬੇਗਮਪੁਰਾ ਸਹਰ ਕੋ ਨਾਉ। ਦੂਖ ਅੰਦੋਹ ਨਰ ਤਿਹਿ ਠਾਊ।।
ਨਾ ਤਸਵੀਸ ਖਿਰਾਜੁ ਨ ਮਾਲੁ।। ਖਉਫੁ ਨ ਖਤਾ ਨਾ ਤਰਸੁ ਜਵਾਲ।।

ਸਤਿਗੂਰੂ ਸੈਣ ਜੀ ਰਚਿਤ, 'ਕਬੀਰ-ਰਵਿਦਾਸ ਸੰਵਾਦ' ਇਕ ਪੁਰਾਤਨ ਰਚਨਾ ਹੈ। ਸਤਿਗੁਰੂ ਸੈਣ ਜੀ, ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਕਬੀਰ ਦਾਸ ਜੀ ਦੇ ਸਮਕਾਲੀ ਵੀ ਸਨ। ਇਸ ਰਚਨਾ ਵਿਚ ਸਤਿਗੁਰੂ ਕਬੀਰ ਦਾਸ ਜੀ ਅਤੇ ਸਤਿਗੁਰੂ ਰਵਿਦਾਸ ਜੀ ਦੀ ਨਿਰਗੁਣ ਤੇ ਸਰਗੁਣ ਬਾਰੇ, ਵਿਚਾਰਾਂ ਦੀ ਚਰਚਾ ਬੜੀ ਉੱਚ ਪਾਏ ਦੀ ਹੈ। ਇਸ ਚਰਚਾ ਤੋਂ ਸਾਬਤ ਹੁੰਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਅਵਤਾਰਵਾਦੀ ਵਿਚਾਰਾਂ ਦੇ ਸਨ। ਇਹ ਉਨ੍ਹਾਂ ਦਾ ਪ੍ਰੇਮਾ ਭਗਤੀ ਦਾ ਆਰੰਭਕ ਦੌਰ ਹੈ ਤੇ ਬਾਅਦ ਵਿਚ ਆਪਣੇ ਵਿਸ਼ਾਲ ਬੌਧਿਕ ਵਿਕਾਸ ਬਾਅਦ ਤੇ ਗੁਰੂ ਨਾਨਕ ਦੇਵ ਜੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ, ਨਿਰਗੁਣਵਾਦੀ ਬਣ ਗਏ। ਸਤਿਗੁਰੂ ਕਬੀਰ ਦਾਸ ਜੀ ਉਨ੍ਹਾਂ ਤੋਂ ਕਾਫੀ ਸਮਾਂ ਪਹਿਲਾਂ ਨਿਰਗੁਣਵਾਦੀ ਬਣ ਚੁੱਕੇ ਸਨ।

ਸਤਿਗੂਰੂ ਰਵਿਦਾਸ ਜੀ ਦੀ ਬਾਣੀ ਬਾਰੇ ਚਰਚਾ ਕਰਦਿਆਂ, ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਬਾਣੀ ਅਧਿਆਤਮਵਾਦ ਤੇ ਮਾਨਵਵਾਦ ਦਾ ਸੁਮੇਲ ਹੈ। ਉਹ ਭਗਤੀ ਲਹਿਰ ਦੇ ਸਿਰਮੌਰ ਭਗਤਾਂ ਵਿਚ ਸ਼ਾਮਲ ਸਨ। ਉਨ੍ਹਾਂ ਨੇ ਉਸ ਪਾਰਬ੍ਰਹਮ ਨੂੰ ਹੀ ਆਪਣਾ ਗੁਰੂ ਮੰਨਿਆ। ਉਨ੍ਹਾਂ ਨੇ ਆਪਣੀ ਦਾਰਸ਼ਨਿਕਤਾ ਨਾਲ ਇਸ 'ਭਗਤੀ ਲਹਿਰ' ਨੂੰ 'ਲੋਕ ਲਹਿਰ' ਤੋਂ ਵੀ ਅੱਗੇ 'ਸ਼ਕਤੀ ਲਹਿਰ' ਵਿਚ ਬਦਲ ਦਿੱਤਾ। ਉਹ ਅਛੂਤ ਤੇ ਸ਼ੂਦਰ ਲੋਕ ਜਿਹਨਾਂ ਨੂੰ ਰੱਬ ਦੀ ਭਗਤੀ ਤੇ ਉਪਾਸਨਾ ਕਰਨ ਦਾ ਅਧਿਕਾਰ ਨਹੀਂ ਸੀ ਤੇ ਸਦੀਆਂ ਤੋਂ ਇਸ ਅਧਿਕਾਰ 'ਤੇ 'ਬ੍ਰਾਹਮਣਵਾਦ' ਦਾ ਏਕਾ ਅਧਿਕਾਰ ਸੀ, ਨੂੰ ਤੋੜ ਦਿੱਤਾ ਤੇ ਇਹ ਸਾਬਤ ਕਰ ਦਿੱਤਾ ਕਿ 'ਪ੍ਰੇਮਾ ਭਗਤੀ' ਦਾ ਅੰਮ੍ਰਿਤ ਰਸ ਚੱਖਣ ਦਾ ਹੱਕ ਕਿਸੇ ਵਿਸ਼ੇਸ਼ ਜਾਤੀ ਜਾਂ ਵਰਗ

(ਬਾਕੀ ਅਗਲੇ ਸਫੇ ਤੇ)

# ਬਾਣੀਆਂ ਰਾਜਨੀਤੀ ਅਤੇ ਕੇਜਰੀਵਾਲ



ਦਰਸ਼ਨ ਸਿੰਘ ਬਾਜਵਾ
(91-98783-83053)

ਇਸ ਸਾਲ ਸਾਡੇ ਦੇਸ਼ ਦੇ ਪੰਜ ਸੂਬਿਆਂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਇਹਨਾਂ ਚੋਣਾਂ ਵਿੱਚ ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦਾ ਵਕਾਰ ਦਾਅ 'ਤੇ ਲੱਗਾ ਹੋਇਆ ਹੈ। ਇਹਨਾਂ ਵਿੱਚੋਂ ਜਿੰਨ੍ਹਾਂ ਰਾਜਾਂ ਵਿੱਚ ਭਾਜਪਾ ਅਤੇ ਉਸਦੇ ਸਹਿਯੋਗੀ ਰਾਜ ਕਰ ਰਹੇ ਹਨ ਜੇਕਰ ਉਹਨਾਂ ਰਾਜਾਂ ਵਿੱਚੋਂ ਹੀ ਭਾਜਪਾ ਦੀ ਹਾਰ ਹੁੰਦੀ ਹੈ ਤਾਂ ਭਾਜਪਾ ਦੀ ਪੁੱਠੀ ਗਿਣਤੀ ਸ਼ੁਰੂ ਹੋ ਜਾਵੇਗੀ। ਇਸ ਲਈ ਭਾਜਪਾ ਹਰ ਹੀਲੇ ਇਹਨਾਂ ਚੋਣਾਂ ਨੂੰ ਜਿੱਤਣਾ ਚਾਹੁੰਦੀ ਹੈ। ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਸਕੀਮਾਂ ਘੜੀਆਂ ਜਾ ਰਹੀਆਂ ਹਨ। 500 ਤੇ 1000 ਦੇ ਨੋਟਾਂ ਨੂੰ ਬੰਦ ਕਰਕੇ ਨਵੀਂ ਕਰੰਸੀ ਜਾਰੀ ਕਰਨ ਦੇ ਕੁੱਝ ਕਾਰਨਾਂ ਵਿੱਚੋਂ ਇੱਕ ਕਾਰਨ ਇਹਨਾਂ ਚੋਣਾਂ ਵਿੱਚ ਦੂਸਰੇ ਦਲਾਂ ਨੂੰ ਨਿਹੱਥੇ ਕਰਕੇ ਚੋਣਾਂ ਜਿੱਤਣ ਦੀ ਭਾਜਪਾ ਦੀ ਸਕੀਮ ਵੀ ਝਲਕਦੀ ਹੈ। ਇਸ ਦੇ ਨਾਲ਼ ਹੀ ਹੋਰ ਵੀ ਸਕੀਮਾਂ ਲੜਾਈਆਂ ਜਾ ਰਹੀਆਂ ਹਨ।

ਪੰਜਾਬ ਵਿੱਚ ਅਕਾਲੀ-ਭਾਜਪਾ ਗਠਜੋੜ ਦਾ ਮੁਕਾਬਲਾ ਜਿੱਥੇ ਉਸਦੀ ਪਹਿਲਾਂ ਤੋਂ ਵਿਰੋਧੀ ਰਹੀ ਕਾਂਗਰਸ ਨਾਲ਼ ਹੈ ਉੱਥੇ ਇਸ ਵਾਰ ਇੱਕ ਹੋਰ ਵਾਧਾ ਆਮ ਆਦਮੀ ਪਾਰਟੀ ਦਾ ਵੀ ਹੋ ਗਿਆ ਹੈ। ਪਰ ਜੇਕਰ ਧਿਆਨ ਨਾਲ਼ ਘੋਖਿਆ ਜਾਵੇ ਤਾਂ ਇਹ ਸਪੱਸ਼ਟ ਨਜ਼ਰ ਆਵੇਗਾ ਕਿ ਜਿੰਨ੍ਹਾਂ ਸੂਬਿਆਂ ਵਿੱਚ ਭਾਜਪਾ ਕਮਜ਼ੋਰ ਹੈ ਉੱਥੇ ਹੀ ਆਮ ਆਦਮੀ ਪਾਰਟੀ ਚੋਣਾਂ ਲੜ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਜਿੱਥੇ 2014 ਦੀਆਂ ਆਮ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ 73 ਸੀਟਾਂ ਜਿੱਤੀਆਂ ਤੇ ਜਿੱਥੇ ਭਾਜਪਾ ਆਪਣੀ ਸਥਿਤੀ ਨੂੰ ਮਜ਼ਬੂਤ ਮਹਿਸੂਸ ਕਰਦੀ ਹੈ ਉੱਥੇ ਆਮ ਆਦਮੀ ਪਾਰਟੀ ਚੋਣ ਨਹੀਂ ਲੜ ਰਹੀ। 2014 ਵਿੱਚ 'ਆਪ' ਦਾ ਉੱਥੋਂ ਚੋਣ ਲੜਨਾ ਤਾਂ ਭਾਜਪਾ ਨੂੰ ਫ਼ਾਇਦਾ ਪਹੁੰਚਾਉਣ ਦੀ ਇੱਕ ਸੋਚੀ-ਸਮਝੀ ਸਕੀਮ ਤਹਿਤ ਸੀ। ਇਸ ਨਾਲ਼ ਵਿਰੋਧੀ ਵੋਟਾਂ ਵੰਡੀਆਂ ਜਾਣ ਕਾਰਨ ਭਾਜਪਾ ਨੂੰ ਫ਼ਾਇਦਾ ਵੀ ਹੋਇਆ ਅਤੇ ਭਾਜਪਾ 73 ਸੀਟਾਂ ਲੈ ਗਈ। ਹੁਣ ਜਦੋਂ ਭਾਜਪਾ ਉੱਤਰ ਪ੍ਰਦੇਸ਼ ਵਿੱਚ ਮਜ਼ਬੂਤ ਸਥਿਤੀ ਦਰਸਾ ਰਹੀ ਹੈ ਤਾਂ ਆਮ ਆਦਮੀ ਪਾਰਟੀ ਨੇ ਉੱਥੇ ਚੋਣਾਂ ਲੜਨ ਤੋਂ ਹੱਥ ਪਿੱਛੇ ਖਿੱਚ ਲਏ।

ਆਮ ਆਦਮੀ ਪਾਰਟੀ ਦਾ ਏਜੰਡਾ ਕੀ ਹੈ ਇਸ ਬਾਰੇ ਬਾਅਦ ਵਿੱਚ ਗੱਲ ਕਰਾਂਗੇ ਪਹਿਲਾਂ ਸਾਡੇ ਦੇਸ਼ ਦੇ ਸਮਾਜਿਕ ਢਾਂਚੇ ਨੂੰ ਵਾਚਣਾ ਜ਼ਰੂਰੀ ਹੈ। ਇਸ ਸਮਾਜਿਕ ਢਾਂਚੇ ਅਨੁਸਾਰ ਸਿਰਫ਼ ਕਸ਼ੱਤਰੀ ਹੀ ਰਾਜ ਕਰ ਸਕਦਾ ਹੈ। ਜੇਕਰ ਕਸ਼ੱਤਰੀਆਂ 'ਤੇ ਭਰੋਸਾ ਨਾ ਰਹੇ ਤਾਂ ਖ਼ੁਦ ਬ੍ਰਾਹਮਣ ਰਾਜ ਕਰੇਗਾ। ਹੋਰ ਕਿਸੇ ਨੂੰ ਇਹ ਅਧਿਕਾਰ ਨਹੀਂ ਦਿੱਤਾ ਜਾ ਸਕਦਾ। ਜੇਕਰ ਬਹੁਤ ਜ਼ਿਆਦਾ ਜ਼ਰੂਰਤ ਮਹਿਸੂਸ ਹੋਵੇ ਤਾਂ ਦੂਸਰੇ ਵਰਗਾਂ 'ਚੋਂ ਕਿਸੇ ਨੂੰ ਇਸ ਕੁਰਸੀ 'ਤੇ ਬਿਠਾਇਆ ਜਾ ਸਕਦਾ ਹੈ। ਇਤਿਹਾਸ ਵਿੱਚ ਨਿਗ੍ਹਾ ਮਾਰ ਕੇ ਦੇਖੀਏ ਕਿ ਤਾਂ ਗੁਪਤ ਸਾਮਰਾਜ ਦੇ ਰਾਜੇ ਵਪਾਰੀ ਵਰਗ 'ਚੋਂ ਹੀ ਸਨ। ਜਦੋਂ ਕਸ਼ੱਤਰੀਆਂ 'ਤੇ ਬ੍ਰਾਹਮਣ ਵਰਗ ਨੂੰ ਇਤਬਾਰ ਨਾ ਰਿਹਾ ਤਾਂ ਉਹਨਾਂ ਨੇ 'ਗੁਪਤ' ਖਾਨਦਾਨ ਦੇ ਬਣੀਆ ਵਰਗ ਨੂੰ ਗੱਦੀ ਸੌਂਪ ਦਿੱਤੀ। ਫਿਰ 20ਵੀਂ ਸਦੀ ਵਿੱਚ ਬਣੀਆਂ ਵਰਗ ਦੇ ਕੁੱਝ ਹੋਰ ਵਿਅਕਤੀ ਰਾਜਨੀਤੀ ਵਿੱਚ ਆਏ। ਪੰਜਾਬ ਵਿੱਚ ਲਾਲਾ ਲਾਜਪਤ ਰਾਏ ਅਤੇ ਦੇਸ਼ ਵਿੱਚ ਮਹਾਤਮਾ ਗਾਂਧੀ ਰਾਜਨੀਤੀ ਵਿੱਚ ਕੁੱਦੇ। ਇਹ ਦੋਵੇਂ ਐਵੇਂ ਹੀ ਨਹੀਂ ਰਾਜਨੀਤੀ ਵਿੱਚ ਦਾਖ਼ਲ ਹੋਏ ਸਗੋਂ ਇੱਕ ਪੂਰੀ ਯੋਜਨਾ ਅਧੀਨ ਇਹਨਾਂ ਨੂੰ ਰਾਜਨੀਤੀ ਵਿੱਚ ਲਿਆਂਦਾ ਗਿਆ। ਜੇਕਰ ਗਾਂਧੀ ਜੀ ਨੂੰ ਰਾਜਨੀਤੀ ਵਿੱਚ ਨਾ ਲਿਆਂਦਾ ਗਿਆ ਹੁੰਦਾ ਤਾਂ ਵਪਾਰੀ ਵਰਗ ਨੇ ਅਜ਼ਾਦੀ ਦੇ ਅੰਦੋਲਨ ਲਈ ਕਾਂਗਰਸ ਨੂੰ ਚੰਦਾ ਨਹੀਂ ਸੀ ਦੇਣਾ। ਇਸੇ ਤਰ੍ਹਾਂ ਮੁਸਲਮਾਨਾਂ ਨੇ ਵੀ ਜਿਸ ਮੁਹੰਮਦ ਅਲੀ ਜਿਨਾਹ ਨੂੰ ਆਪਣਾ ਨੇਤਾ ਬਣਾਇਆ ਉਹ ਵੀ ਬਣੀਆਂ ਵਰਗ 'ਚੋਂ ਹੀ ਸੀ। ਇਹ ਵੱਖਰੀ ਗੱਲ ਹੈ ਕਿ ਸਤ੍ਹਾ ਹੱਥਾਂ ਵਿੱਚ ਆ ਜਾਣ 'ਤੇ ਦੋਵਾਂ ਨੂੰ ਪਾਸੇ ਕਰ ਦਿੱਤਾ ਗਿਆ।

ਅਚਾਰੀਆ ਚਾਣਕੀਆ ਦੇ ਵਿਚਾਰ ਹਨ ਕਿ, 'ਜੇਕਰ ਕਿਸੇ ਦੇਸ਼ ਦਾ ਰਾਜਾ ਵਪਾਰੀ ਹੋਵੇ ਤਾਂ ਦੇਸ਼ ਦੀ ਜਨਤਾ ਭਿਖਾਰੀ ਬਣ ਜਾਂਦੀ ਹੈ'। ਇਹ ਕਿੱਥੋਂ ਤੱਕ ਸੱਚ ਹੈ ਇਸ ਬਾਰੇ ਸਿਆਣੇ ਲੋਕ ਜਾਣਦੇ ਹੀ ਹਨ ਕਿ ਜਦੋਂ ਵੀ ਵਪਾਰੀ ਵਰਗ 'ਚੋਂ ਕੋਈ ਵਿਅਕਤੀ ਰਾਜਨੀਤੀ ਵਿੱਚ ਆਇਆ ਹੈ ਤਾਂ ਉਸ ਨੇ ਰਾਜਨੀਤੀ ਨੂੰ ਵਪਾਰ ਵਾਂਗ ਹੀ ਵਰਤਿਆ ਹੈ। ਪੰਜਾਬੀ ਦਾ ਇੱਕ ਮਸ਼ਹੂਰ ਚੁਟਕਲਾ ਹੈ ਕਿ 'ਇੱਕ ਵਾਰ ਕਿਸੇ ਬਾਣੀਏ ਦੀ ਮੌਤ ਹੋਈ ਤਾਂ ਧਰਮ ਰਾਜ ਨੇ ਉਸਨੂੰ ਪੁੱਛਿਆ ਕਿ ਤੈਨੂੰ ਸਵਰਗ ਵਿੱਚ ਭੇਜਾਂ ਜਾਂ ਨਰਕ ਵਿੱਚ? ਤਾਂ ਬਾਣੀਏ ਦਾ ਉੱਤਰ ਸੀ, ਜੀ ਨਰਕ ਸੁਰਗ ਤੋਂ ਮੈਂ ਕੀ ਲੈਣਾ? ਮੈਨੂੰ ਤਾਂ ਦੋਵਾਂ ਦੇ ਚੌਂਕ ਵਿੱਚ ਜਗ੍ਹਾ ਦੇ ਦਿਓ ਜਿੱਥੇ ਹੱਟੀ ਚੰਗੀ ਚੱਲੇ।' ਬਾਬਾ ਸਾਹਿਬ ਦੇ ਬਣੀਆਂ ਵਰਗ ਬਾਰੇ ਕੀ ਵਿਚਾਰ ਹਨ ਇਸ ਬਾਰੇ ਪ੍ਰੋ: ਗੁਰਨਾਮ ਸਿੰਘ ਮੁਕਤਸਰ ਦੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਵਿੱਚ ਪੰਨਾ 461 'ਤੇ ਇਸ ਤਰ੍ਹਾਂ ਦਰਜ ਹੈ :- "ਬਾਣੀਆਂ ਸੰਸਾਰ ਵਿੱਚ ਖ਼ੂਨ ਚੂਸਣ ਵਾਲਾ ਬਦਤਰ ਵਰਗ ਹੈ। ਉਸ ਵਿੱਚ ਪੈਸਾ ਬਣਾਉਣ ਦੀ ਅਜਿਹੀ ਬੁਰੀ ਆਦਤ ਹੈ, ਜਿਸ ਨੂੰ ਸੱਭਿਅਤਾ ਜਾਂ ਅੰਤਰ ਆਤਮਾ ਦੀ ਆਵਾਜ਼ ਨਾਲ ਨਹੀਂ ਬਦਲਿਆ ਜਾ ਸਕਦਾ। ਉਹ ਇੱਕ ਅਜਿਹਾ ਜੀਵ ਹੈ, ਜੋ ਮਹਾਮਾਰੀ ਸਮੇਂ ਖੁਸ਼ਹਾਲ ਬਣਦਾ ਹੈ।



ਇੱਕ ਰੋਗ ਮਹਾਮਾਰੀ ਪੈਦਾ ਨਹੀਂ ਕਰਦਾ ਜਦੋਂ ਕਿ ਇੱਕ ਬਾਣੀਆ ਵਿਆਪਕ ਰੋਗ ਪੈਦਾ ਕਰਦਾ ਹੈ। ਉਹ ਆਪਣਾ ਧਨ ਉਪਜਾਊ ਕੰਮਾਂ ਵਿੱਚ ਨਹੀਂ ਲਗਾਉਂਦਾ। ਉਹ ਵਿਆਜ 'ਤੇ ਆਪਣਾ ਜੀਵਨ ਨਿਰਭਰ ਕਰਦਾ ਹੈ, ਕਿਉਂਕਿ ਉਸ ਦੇ ਧਰਮ ਨੇ ਉਸ ਨੂੰ ਬਤਾਇਆ ਹੋਇਆ ਹੈ ਕਿ ਮਨੂੰ ਨੇ ਧਨ ਉਧਾਰ ਦੇਣ ਦਾ ਹੀ ਕੰਮ ਉਸ ਲਈ ਨਿਯੁਕਤ ਕੀਤਾ ਸੀ। ਬਾਣੀਆ ਸੂਦਖੋਰੀ ਨੂੰ ਦਰੁਸਤ ਸਮਝਦਾ ਹੈ ਅਤੇ ਧਰਮ ਕਰਮ। ਬ੍ਰਾਹਮਣ ਜੱਜ ਦੀ ਸਹਾਇਤਾ ਨਾਲ ਜੋ ਵਸੂਲੀ ਦੀ ਡਿਗਰੀ ਦੇਣ ਲਈ ਤੱਤਪਰ ਰਹਿੰਦਾ ਹੈ, ਬਾਣੀਆ ਆਪਣਾ ਧੰਦਾ ਬੜੀ ਸੁਵਿਧਾ ਅਤੇ ਸਰਲਤਾ ਨਾਲ ਚਲਾ ਰਿਹਾ ਹੈ। ਸੂਦ, ਸੂਦ ਪਰ ਸੂਦ ਉਹ ਜਮ੍ਹਾਂ ਕਰਦਾ ਰਹਿੰਦਾ ਹੈ ਅਤੇ ਇਸ ਪ੍ਰਕਾਰ ਉਹ ਲੱਖਾਂ ਪਰਿਵਾਰਾਂ ਨੂੰ ਆਪਣੇ ਜਾਲ ਵਿੱਚ ਫਸਾ ਲੈਂਦਾ ਹੈ। ਬਾਣੀਏ ਦਾ ਕਰਜ਼ਾ ਜਿੰਨਾ ਚਾਹੇ ਉਤਾਰਦੇ ਰਹੋ ਪ੍ਰੰਤੂ ਕਰਜ਼ਦਾਰ ਹਮੇਸ਼ਾ ਕਰਜ਼ ਵਿੱਚ ਹੀ ਡੁੱਬਿਆ ਰਹਿੰਦਾ ਹੈ। ਉਸ ਦੀ ਕੋਈ ਅੰਤਰ-ਆਤਮਾ ਦੀ ਆਵਾਜ਼ ਹੈ ਹੀ ਨਹੀਂ, ਜੋ ਉਸ ਨੂੰ ਰੋਕ ਸਕੇ। ਇਸ ਲਈ ਅਜਿਹਾ ਕੋਈ ਝੂਠ ਨਹੀਂ ਜੋ ਉਹ ਪ੍ਰਯੋਗ ਵਿੱਚ ਨਹੀਂ ਲਿਆਉਂਦਾ। ਰਾਸ਼ਟਰ 'ਤੇ ਉਸ ਦੀ ਪੂਰਨ ਜਕੜ ਹੈ। ਸਾਰੇ ਗਰੀਬ, ਅਣ-ਸਿੱਖਿਅਤ ਅਤੇ ਭੁੱਖਾ ਨੰਗਾ ਭਾਰਤ ਬਾਣੀਏ ਕੋਲ ਪੱਕੇ ਤੌਰ 'ਤੇ ਗਿਰਵੀ ਹੈ।"

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ :

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥
ਸਲੋਕ ਵਾਰਾਂ ਤੇ ਵਧੀਕ ਪੰਨਾ 1412

ਇਤਿਹਾਸ ਵੱਲ ਨਿਗ੍ਹਾ ਮਾਰ ਕੇ ਦੇਖ ਲਓ ਮੌਰੀਆ ਸਾਮਰਾਜ ਦੇ ਖਾਤਮੇ ਪਿੱਛੋਂ ਜਦੋਂ ਪਹਿਲੀ ਵਾਰ 'ਗੁਪਤ ਸਾਮਰਾਜ' ਕਾਇਮ ਹੋਇਆ ਤਾਂ ਮਨੂੰ ਸਿੰਮ੍ਰਤੀ ਲਾਗੂ ਹੋਈ। ਇਸ ਸਿਧਾਂਤ ਨੇ ਬ੍ਰਾਹਮਣ ਵਰਗ ਨੂੰ ਬੇਸ਼ੱਕ ਤਾਕਤਵਰ ਬਣਾਇਆ ਪਰ ਆਮ ਲੋਕਾਂ ਨੂੰ ਸ਼ੂਦਰ/ਅਛੂਤ ਬਣਾ ਕੇ ਭਿਖਾਰੀਆਂ ਤੋਂ ਵੀ ਬਦਤਰ ਹਾਲਤ ਵਿੱਚ ਪਹੁੰਚਾ ਦਿੱਤਾ।

ਗਾਂਧੀ ਜੀ ਸ਼ਾਸਕ ਨਹੀਂ ਬਣ ਸਕੇ ਪਰ ਉਹਨਾਂ ਦੀ ਰਾਜਨੀਤੀ ਨੇ ਬ੍ਰਾਹਮਣ ਵਰਗ ਦੇ ਹੱਥ ਵਿੱਚ ਤਾਂ ਸੱਤਾ ਦੇ ਦਿੱਤੀ ਪਰ ਉਹਨਾਂ ਨੇ ਹੇਠਲੇ ਵਰਗ ਦੇ ਲੋਕਾਂ ਨੂੰ ਆਪਣੀ ਗ਼ਰੀਬੀ ਵਿੱਚ ਹੀ ਮਸਤ ਰਹਿਣ ਦੀ ਸਿੱਖਿਆ ਦੇ ਕੇ ਹੀ ਵਡਿਆ ਲਿਆ। ਗਾਂਧੀ ਜੀ ਆਪਣੀ ਪੁਸਤਕ 'ਵਰਣ ਵਿਵਸਥਾ' ਵਿੱਚ ਲਿਖਦੇ ਹਨ "ਉੱਚ ਵਰਣ ਦੀ ਸੇਵਾ ਨੂੰ ਆਪਣਾ ਧਰਮ ਮੰਨ ਕੇ ਸ਼ੂਦਰ ਲੋਕਾਂ ਦੁ-ਆਰਾ ਜਾਇਦਾਦ ਇਕੱਠੀ ਕਰਨ ਦੀ ਲਾਲਸਾ ਨਾ ਕਰਨਾ ਉਹਨਾਂ ਦਾ ਅਜਿਹਾ ਕੰਮ ਹੈ ਜਿਸ ਦੇ ਪ੍ਰਤੀ ਸੌ ਵਾਰ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਦੇਵਤੇ ਵੀ ਉਹਨਾਂ 'ਤੇ ਫੁੱਲ ਵਰਸਾਉਣ ਬਿਨਾਂ ਨਹੀਂ ਰਹਿ ਸਕਦੇ।"

ਇਸੇ ਪੁਸਤਕ ਵਿੱਚ ਉਹ ਲਿਖਦੇ ਹਨ, "ਜੋ ਸ਼ੂਦਰ ਸਿਰਫ ਧਰਮ ਸਮਝ ਕੇ ਸੇਵਾ ਹੀ ਕਰਦਾ ਹੈ, ਜਿਸ ਦੇ ਕੋਲ਼ ਕੋਈ ਜਾਇਦਾਦ ਕਦੇ ਹੋਣ ਵਾਲ਼ੀ ਹੀ ਨਹੀਂ, ਉਹ ਹਜਾਰ ਨਮਸ਼ਕਾਰ ਦੇ ਲਾਇਕ ਹੈ ਅਤੇ ਸਭ ਤੋਂ ਉੱਚਾ ਹੈ। ਧਰਮ 'ਤੇ ਚੱਲਣ ਵਾਲ਼ਾ ਸ਼ੂਦਰ ਤਾਂ ਆਪਣੇ ਬਾਰੇ ਅਜਿਹਾ ਨਾ ਸਮਝੇਗਾ, ਪਰ ਦੇਵਤੇ ਤਾਂ ਉਸ 'ਤੇ ਫੁੱਲ ਵਰਸ-ਾਉਣਗੇ।" ਉਹ ਆਖਦੇ ਹਨ ਕਿ "ਮੈਂ ਗੀਤਾ ਭਗਤ ਹਾਂ।

ਮੈਂ ਅਜਿਹੇ ਸਾਰੇ ਲੋਕਾਂ ਦਾ ਵਿਰੋਧੀ ਹਾਂ ਜੋ ਜਾਤਪਾਤ ਦਾ ਵਿਨਾਸ਼ ਕਰਨਾ ਚਾਹੁੰਦੇ ਹਨ। ਮੈਂ ਸਨਾਤਨੀ ਹਿੰਦੂ ਹਾਂ। ਮੈਂ ਈਸ਼ਵਰ ਅਤੇ ਉਹਨਾਂ ਸਾਰੀਆਂ ਗੱਲਾਂ ਵਿੱਚ ਵਿਸ਼ਵਾਸ ਰੱਖਦਾ ਹਾਂ ਜਿੱਥੇ ਤਰਕ-ਦਲੀਲ ਦੀ ਕੋਈ ਥਾਂ ਨਹੀਂ।" ਬ੍ਰਾਹਮਣ ਬਾਰੇ ਗਾਂਧੀ ਜੀ ਆਖਦੇ ਹਨ ਕਿ "ਬ੍ਰਾਹਮਣ ਹਿੰਦੂ ਧਰਮ ਦਾ ਸਭ ਤੋਂ ਚੰਗਾ ਫੁੱਲ ਹੈ। ਮੈਂ ਅਜਿਹਾ ਕੁੱਝ ਨਹੀਂ ਕਰਾਂਗਾ ਜਿਸ ਨਾਲ਼ ਇਹ ਮੁਰਝਾ ਜਾਵੇ।"

ਲਾਲਾ ਲਾਜਪਤ ਰਾਏ ਦੀ ਰਾਜਨੀਤੀ ਕਿਹੋ ਜਿਹੀ ਸੀ ਉਸ ਬਾਰੇ ਸਿਰਦਾਰ ਕਪੂਰ ਸਿੰਘਆਈ.ਸੀ.ਐਸ. ਦੀ ਪੁਸਤਕ 'ਸਾਚੀ ਸਾਖੀ' ਵਿੱਚ ਅਮਰੀਕਾ ਦੇ ਪੰਜਾਬੀ ਸਿੱਖਾਂ ਤੋਂ ਦੇਸ਼ ਦੀ ਅਜ਼ਾਦੀ ਲਈ ਲੜ ਰਹੇ ਸੰਗਰਾਮੀਆਂ ਦੇ ਨਾਂਅ 'ਤੇ 70,000 ਰੁਪਿਆ ਚੰਦਾ ਲੈ ਕੇ ਉਹਨਾਂ ਸੰਗਰਾਮੀਆਂ ਦੇ ਪਰਿਵਾਰਾਂ ਨੂੰ ਨਾ ਦੇਣ ਅਤੇ ਇਹ ਪੈਸਾ ਆਰੀਆ ਸਮਾਜੀ ਲਹਿਰ ਦੀਆਂ ਗਤੀਵਿਧੀਆਂ 'ਤੇ ਲਗਾ ਦੇਣ ਦੇ ਵੇਰਵੇ ਤੋਂ ਸਾਫ਼ ਜਾਹਰ ਹੋ ਜਾਂਦਾ ਹੈ।

ਅਜੋਕੀ ਰਾਜਨੀਤੀ ਵਿੱਚ ਵਪਾਰੀ ਵਰਗ 'ਚੋਂ ਕਈ ਵਿਅਕਤੀ ਰਾਜਨੀਤੀ ਵਿੱਚ ਆਏ ਹਨ। ਭਾਜਪਾ ਦਾ ਕੌਮੀ ਪ੍ਰਧਾਨ ਅਮਿਤ ਸ਼ਾਹ ਇੱਕ ਵਪਾਰੀ ਆਦਮੀ ਹੈ। ਉਸ ਦੀਆਂ ਬੈਂਕਾਂ ਵਿੱਚ ਨੋਟਬੰਦੀ ਦੌਰਾਨ ਅਥਾਹ ਪੈਸਾ ਜਮ੍ਹਾਂ ਹੋਣ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ। ਕੁਰੂਕਸ਼ੇਤਰ ਤੋਂ ਕਾਂਗਰਸ ਵੱਲੋਂ ਮੈਂਬਰ ਪਾਰਲੀਮੈਂਟ ਰਹਿਣ ਵਾਲ਼ਾ ਨਵੀਨ ਜਿੰਦਲ ਨਾਮੀ ਬਿਜਨਿਸਮੈਨ ਕੇਂਦਰ ਵਿੱਚ ਯੂ.ਪੀ.ਏ. ਦੀ ਸਰਕਾਰ ਸਮੇਂ ਆਪਣੇ ਰਸੂਖ ਦੇ ਤਹਿਤ ਬਿਜਲੀ ਪੈਦਾ ਕਰਨ ਦੇ ਨਾਂਅ 'ਤੇ ਕੋਲੇ ਦੀਆਂ ਖਾਣਾਂ ਦੇ ਠੇਕੇ ਲੈਣ ਵਿੱਚ ਬਦਨਾਮ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵੀ ਬਣੀਆ ਹੈ ਜਿਸ ਨੇ ਅੰਬਾਨੀ ਤੇ ਅਡਾਨੀ ਵਰਗੇ ਕਾਰਪੋਰੇਟ ਘਰਾਣਿਆਂ ਨਾਲ਼ ਸੰਬੰਧ ਬਣਾਏ ਹੋਏ ਹਨ ਅਤੇ ਉਹਨਾਂ ਨੂੰ ਲਗਾਤਾਰ ਫਾਇਦੇ ਪਹੁੰਚਾਏ ਜਾ ਰਹੇ ਹਨ।

ਹੋਰ ਵੀ ਕਈ ਵਪਾਰੀ ਵਿਅਕਤੀ ਰਾਜਨੀਤੀ ਵਿੱਚ ਹਨ ਪਰ ਸਭ ਤੋਂ ਜ਼ਿਆਦਾ ਚਰਚਿਤ ਵਿਅਕਤੀ ਆਮ ਆਦਮੀ ਪਾਰਟੀ ਦਾ ਸੰਯੋਜਕ ਅਰਵਿੰਦ ਕੇਜਰੀਵਾਲ ਹੈ। ਆਪ ਪਾਰਟੀ ਦਾ ਏਜੰਡਾ ਕੀ ਹੈ ਇਸ ਬਾਰੇ ਅਜੇ ਆਮ ਲੋਕ ਭੁਲੇਖੇ ਵਿੱਚ ਹਨ। ਪਾਰਟੀਆਂ ਦੇ ਸਤਾਏ ਲੋਕ ਦੁਖੀ ਹਾਲਤ ਵਿੱਚ ਨਵਾਂ ਬਦਲ ਭਾਲ਼ਦੇ ਭਾਲ਼ਦੇ ਆਮ ਆਦਮੀ ਪਾਰਟੀ 'ਤੇ ਆ ਕੇ ਟਿਕ ਗਏ ਹਨ।

ਇਸ ਪਾਰਟੀ ਦੀ ਅਸਲੀਅਤ ਦਾ ਜਦੋਂ ਤੱਕ ਆਮ ਲੋਕਾਂ ਨੂੰ ਪਤਾ ਚੱਲੇਗਾ ਤਾਂ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੋਵੇਗੀ। ਸੰਘੀ ਆਪਣੇ-ਆਪ ਨੂੰ ਮਜ਼ਬੂਤ ਕਰ ਚੁੱਕੇ ਹੋਣਗੇ। ਹਰਿਆਣੇ ਦਾ ਜੰਮਪਲ ਬਣੀਆਂ ਸਮਾਜ ਦਾ ਕੇਜਰੀਵਾਲ ਆਈ.ਆਰ.ਐਸ. ਅਫ਼ਸਰ ਰਿਹਾ ਹੋਣ ਕਰਕੇ ਬਹੁਤ ਤੇਜ਼ ਤਰਾਰ ਵਿਅਕਤੀ ਹੈ। ਉਸ ਦੇ ਤੇਜ਼ ਹੋਣ ਵਿੱਚ ਕੋਈ ਸ਼ੱਕ ਨਹੀਂ। ਇਸੇ ਤੇਜ਼ ਤਰਾਰੀ ਨੇ ਆਮ ਲੋਕਾਂ ਨੂੰ ਆਪਣੇ ਮਗਰ ਲਾ ਲਿਆ ਹੈ। ਵਪਾਰੀ ਵਰਗ 'ਚੋਂ ਹੋਣ ਕਾਰਨ ਆਮ ਲੋਕਾਂ ਨੂੰ ਭਰੋਸੇ ਵਿੱਚ ਲੈ ਕੇ ਆਪਣਾ ਵਪਾਰ ਕਿਸ ਤਰ੍ਹਾਂ ਵਧਾਉਣਾ ਹੈ ਇਸ ਬਾਰੇ ਕੇਜਰੀਵਾਲ ਖ਼ੂਬ ਜਾਣਦਾ ਹੈ।

ਇਸੇ ਗੁਣ ਸਦਕਾ ਹੀ ਉਸ ਨੇ ਲੋਕਾਂ ਨੂੰ ਆਪਣੇ ਨਾਲ਼ ਜੋੜਿਆ ਹੈ। ਜੇਕਰ ਕੇਜਰੀਵਾਲ ਦੀ ਪਾਰਟੀ ਦੀ ਜਿੱਤ ਹੁੰਦੀ ਹੈ ਤਾਂ ਇਹ ਆਰ.ਐਸ.ਐਸ. ਦੀ ਨੀਤੀ ਦੀ ਹੀ ਜਿੱਤ ਹੋਵੇਗੀ ਕਿਉਂਕਿ ਇਸ ਪਾਰਟੀ ਨੂੰ ਖੜ੍ਹੀ ਕਰਨ ਵਿੱਚ ਉਸੇ ਦਾ ਦਿਮਾਗ਼ ਕੰਮ ਕਰਦਾ ਹੈ। ਇਸ ਲਈ ਆਪ ਨੂੰ ਜਿਤਾਉਣ ਦਾ ਮਤਲਬ ਅਕਾਲੀ-ਭਾਜਪਾ ਨੂੰ ਹਰਾਉਣਾ ਨਹੀਂ ਸੰਘੀ ਸੋਚ ਨੂੰ ਮਜ਼ਬੂਤ ਕਰਨਾ ਹੈ। ਜੇਕਰ ਪੰਜਾਬੀ ਸਮੇਂ ਸਿਰ ਸਮਝ ਜਾਣ ਤਾਂ ਪੰਜਾਬ ਦਾ ਨੁਕਸਾਨ ਹੋਣ ਤੋਂ ਬਚ ਸਕਦਾ ਹੈ।

# ਕਾਨੂੰਨ ਬਿਨ੍ਹਾਂ ਸ਼ਿਕਾਇਤ ਲਾਗੂ ਕਿਉਂ ਨਹੀਂ ਹੁੰਦੇ?



ਮੇਜਰ ਸਿੰਘ ਨਾਭਾ
91-94635-53962

ਸਾਡੇ ਦੇਸ਼ ਦੇ ਲੋਕਾਂ ਨੂੰ ਸਵੱਛ ਰਾਜ ਦੇਣ ਲਈ ਸਾਡੇ ਸੰਵਿਧਾਨ ਅੰਦਰ ਸਰਕਾਰ ਦੇ ਪ੍ਰਮੁੱਖ ਤਿੰਨ ਅੰਗ ਵਿਧਾਨ ਪਾਲਿਕਾ, ਕਾਰਜਪਾਲਿਕਾ ਅਤੇ ਨਿਆਂ ਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਵਿਧਾਨ ਪਾਲਿਕਾ ਕਾਨੂੰਨ ਬਨਾਉਣ, ਕਾਰਜਪਾਲਿਕਾ ਕਾਨੂੰਨਾਂ ਨੂੰ ਲਾਗੂ ਕਰਾਉਣ ਅਤੇ ਨਿਆਂ ਪਾਲਿਕਾ ਕਾਨੂੰਨਾਂ ਦੀ ਰੱਖਿਆ ਕਰਨ ਦਾ ਕੰਮ ਕਰਦੇ ਹਨ। ਦੇਸ਼ ਅਤੇ ਰਾਜਾਂ ਅੰਦਰ ਸਮੇਂ ਸਮੇਂ ਲੋਕਾਂ ਦੀ ਭਲਾਈ ਲਈ ਨਵੇਂ ਨਵੇਂ ਕਾਨੂੰਨ ਬਣਾਏ ਜਾਂਦੇ ਹਨ, ਪਰ ਇਨ੍ਹਾਂ ਨੂੰ ਲਾਗੂ ਕਰਾਉਣ ਵਾਲੇ ਆਪਣਾ ਫਰਜ਼ ਇਮਾਨਦਾਰੀ ਨਾਲ ਨਹੀਂ ਨਿਭਾ ਰਹੇ। ਕਈ ਸਮਾਜ ਵਿਰੋਧੀ ਘਟਨਾਵਾਂ ਇਨ੍ਹਾਂ ਨੂੰ ਰੋਕਣ ਵਾਲਿਆਂ ਦੀਆਂ ਅੱਖਾਂ ਸਾਹਮਣੇ ਵਾਪਰਨ ਦਾ ਮੌਕਾ ਮੇਲ ਹੁੰਦਾ ਹੈ ਪਰ ਇਹ ਅਧਿਕਾਰੀ/ਕਰਮਚਾਰੀ ਉਥੋਂ ਪਾਸਾ ਵੱਟ ਕੇ ਟਲ ਜਾਂਦੇ ਹਨ। ਜੇਕਰ ਸਰਕਾਰੀ ਥਾਵਾਂ 'ਤੇ ਨਜਾਇਜ਼ ਕਬਜ਼ੇ ਹੁੰਦੇ। ਨਜਾਇਜ਼ ਚਿੱਟ ਫੰਡ ਕੰਪਨੀਆਂ ਖੁੱਲ੍ਹਦੀਆਂ ਨੇ ਝੂਠੀ ਇਸ਼ਤਿਹਾਰਬਾਜ਼ੀ ਹੁੰਦੀ ਏ, ਤਾਂ ਕੀ ਪ੍ਰਸ਼ਾਸ਼ਨ ਨੇ ਆਪਣੇ ਆਪ ਇਹੋ ਜਿਹੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਕਾਨੂੰਨੀ ਕਾਰਵਾਈ ਨਹੀਂ ਕਰਨੀ ਹੁੰਦੀ? ਜਦੋਂ ਇਹੋ ਜਿਹੇ ਲੋਕ ਸਰਕਾਰ ਜਾਂ ਆਮ ਜਨਤਾ ਨਾਲ ਲੱਖਾਂ ਦਾ ਚੂਨਾ ਲਾ ਦਿੰਦੇ ਹਨ ਤਾਂ ਫਿਰ ਕੰਪਲੇਂਟ ਕਰਨ 'ਤੇ ਪ੍ਰਸ਼ਾਸ਼ਨ ਹਰਕਤ 'ਚ ਆਉਂਦਾ ਹੈ। ਆਮ ਦੇਖਣ 'ਚ ਆਉਂਦਾ ਹੈ ਕਿ ਸੜਕਾਂ 'ਤੇ ਦੁਰਘਟਨਾਵਾਂ ਜ਼ਿਆਦਾਤਰ ਟਰੈਫਿਕ ਨਿਯਮਾਂ ਦੀ ਪਾਲਣਾ ਨੂੰ ਸਖਤੀ ਨਾਲ ਲਾਗੂ ਕਰਕੇ ਹੀ ਹੁੰਦੀਆਂ ਹਨ। ਸੜਕਾਂ 'ਤੇ ਨਜ਼ਾਇਜ ਕਬਜ਼ੇ, ਸੜਕਾਂ ਤੇ ਗਲਤ ਥਾਂ ਪਾਰਕਿੰਗ, ਮੋੜਾਂ ਆਦਿ ਤੇ ਆਲਾ ਦੁਆਲਾ ਸਾਫ ਨਾ ਹੋਣਾ, ਤੰਗ ਪੁਲ, ਬਿਨਾਂ ਗਰਿੱਲਾਂ ਦੇ ਪੁਲ, ਖੱਡੇ, ਸਪੀਡ ਬਰੇਕਰ ਉਚਿਤ ਢੰਗ ਨਾਲ ਨਾ ਹੋਣਾ ਆਦਿ ਦੁਰਘਟਨਾਵਾਂ ਦੇ ਕਾਰਨ ਬਣਦੇ ਹਨ। ਜੇਕਰ ਕੋਈ ਵੱਡਾ ਦਰੱਖਤ ਸੜਕ 'ਤੇ ਗਿਰ ਜਾਂਦਾ ਹੈ ਤਾਂ ਉਸਦੀਆਂ ਟਹਿਣੀਆ ਲੋਕਾਂ ਜਾਂ ਮਹਿਕਮੇ ਵੱਲੋਂ ਕੱਟ ਕੇ ਥੋੜਾ ਜਿਹਾ ਲੰਘਣ ਦਾ ਰਸਤਾ ਤਾਂ ਬਣਾ ਦਿੱਤਾ ਜਾਂਦਾ ਹੈ ਪਰ ਉਹ ਵੱਡਾ ਤਣਾ ਕਿੰਨੇ ਕਿੰਨੇ ਦਿਨ ਅੜਿੱਕਾ ਬਣਿਆ ਆਵਾਜਾਈ ਨੂੰ ਪ੍ਰਭਾਵਿਤ ਕਰਦਾ ਰਹਿੰਦਾ ਹੈ। ਉਸੇ ਸਮੇਂ ਕਾਰਵਾਈ ਕਿਉਂ ਨਹੀਂ ਹੁੰਦੀ ਜਦੋਂ ਕਿ ਲੋਕਾਂ ਦੀਆਂ ਜਾਨਾਂ ਦੀ ਗੱਲ ਇਸ ਨਾਲ ਜੁੜੀ ਹੁੰਦੀ ਹੈ? ਸਿਗਰਟਨੋਸ਼ੀ ਦੀ ਪਬਲਿਕ ਥਾਵਾਂ 'ਤੇ ਮਨਾਹੀ ਕਾਨੂੰਨੀ ਤੌਰ 'ਤੇ ਭਾਵੇਂ ਸਰਕਾਰ ਨੇ ਕਰ ਦਿੱਤੀ ਹੈ ਪਰ ਤੰਬਾਕੂ ਦਾ ਧੂੰਆਂ ਪਬਲਿਕ ਥਾਵਾਂ 'ਤੇ ਆਮ ਦੇਖਿਆ ਜਾ ਸਕਦਾ ਹੈ। ਹੈ ਕੋਈ? ਸਿਗਰਟ/ਬੀੜੀ ਪੀਣ ਵਾਲਿਆਂ ਨੂੰ ਰੋਕਣ ਲਈ। ਆਮ ਜਨਤਾ ਹੀ ਸਟੈਂਡ ਲੈ ਸਕਦੀ ਹੈ, ਪ੍ਰਸ਼ਾਸ਼ਨ ਤਾਂ ਕੇਵਲ ਇਹੋ ਜਿਹੀਆਂ ਥਾਵਾਂ 'ਤੇ ਸਿਗਰਟ ਪੀਣਾ ਮਨ੍ਹਾ ਹੈ ਦੇ ਬੋਰਡ ਲਗਵਾ ਜਾਂ ਕੰਧਾਂ ਤੇ ਲਿਖਾ ਜਰੂਰ ਦਿੰਦਾ ਹੈ। ਬਸਾਂ ਅੰਦਰ ਅਸ਼ਲੀਲ ਗੀਤਾਂ ਨੂੰ ਜਬਰੀ ਸਵਾਰੀਆਂ ਦੇ ਕੰਨਾਂ 'ਚ ਪਾਉਣਾ, ਪ੍ਰੈਸਰ ਹਾਰਣਾਂ ਦਾ ਵਜਾਉਸਣਾ ਆਦਿ ਕਈ ਵਾਰੀ ਖਬਰਾਂ 'ਚ ਚਰਚਾ ਦਾ ਵਿਸ਼ਾ ਬਣਿਆ। ਕੀ ਇਹ ਪ੍ਰਸਾਸ਼ਨ ਨੇ ਬੰਦ ਕਰਵਾ ਦਿੱਤਾ?

ਵਾਹਨ ਚਾਲਕਾਂ ਟਰੈਫਿਕ ਨਿਯਮਾਂ ਦੀਆਂ ਧੱਜੀਆਂ ਆਮ ਉਡਾਉਂਦੇ ਨਜ਼ਰ ਪੈਂਦੇ ਹਨ ਜਦੋਂ ਟਰੈਫਿਕ ਪੁਲਿਸ ਮਹੀਨੇ 'ਚ ਇਕ ਅੱਧੀ ਵਾਰੀ ਸਪੈਸ਼ਲ ਚੈਕਿੰਗ ਕਰਕੇ ਚਲਾਨ ਕੱਟਣ ਦਾ ਕੋਟਾ ਪੂਰੀ ਕਰ ਰਹੀ ਹੈ ਜਿਹੜੇ ਫਸ ਗਏ ਉਨ੍ਹਾਂ ਦਾ ਕਿਸੇ ਨਾ ਕਿਸੇ ਗੱਲੋਂ ਚਲਾਟ ਕੱਟ ਹੀ ਦਿੱਤਾ ਜਾਂਦਾ ਜਿਨ੍ਹਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਉਹ ਹੋਰ ਰਸਤਿਆਂ ਥਾਈਂ ਲੰਘ ਜਾਂਦੇ ਹਨ। ਨਿਯਮਤ ਤੌਰ 'ਤੇ ਚੈਕਿੰਗ ਕਿਉਂ ਨਹੀਂ ਹੁੰਦੀ? ਇਹੀ ਕਾਰਨ ਅਨੁਸ਼ਾਸ਼ਣਹੀਣਤਾ ਪੈਦਾ ਕਰਦਾ ਹੈ।

ਜਨਰੇਟਰ ਦੋ ਕਿਸਮ ਦਾ ਪ੍ਰਦੂਸ਼ਣ ਪੈਦਾ ਕਰਦਾ ਹੈ। ਉੱਚੀ ਅਵਾਜ ਗੁਆਂਢੀਆਂ ਨੂੰ ਖਾਹਮਖਾਹ ਤੰਗ ਕਰਦੀ ਹੈ, ਧੂੰਆਂ ਵਾਤਾਵਰਣ ਨੂੰ ਸਾਰਿਆਂ ਲਈ ਪ੍ਰਦੂਸ਼ਿਤ ਕਰਕੇ, ਸਾਹ ਲੈਣ ਲਈ ਮਜ਼ਬੂਰ ਕਰਦਾ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਇਸ ਮਾਮਲੇ 'ਚ ਅੱਖਾਂ ਮੀਚ ਕੇ ਸਮਾਂ ਲੰਘਾ ਰਿਹਾ ਹੈ। ਕਿਉਂ ਨਹੀਂ ਜਨਰੇਟਰ ਰੱਖਣ ਵਾਲੇ ਕਈ ਉਚਿਤ ਸ਼ਰਤਾਂ ਲਾਗੂ ਕਰਨ ਦੀ ਗੱਲ ਹੁੰਦੀ? ਬਿਜਲੀ ਬੋਰਡ ਵੱਲੋਂ ਵੀ ਇਸ ਸੰਬੰਧ 'ਚ ਉਚਿਤ ਕਾਰਵਾਈ ਕਰਕੇ ਗੁਆਂਢੀਆਂ ਦੀ ਸੁਰੱਖਿਆ ਯਕੀਨੀ ਬਨਾਉਣੀ ਚਾਹੀਦੀ ਹੈ ਕਈ ਵਾਰੀ ਜਨਰੇਟਰ ਦੀ ਬਿਜਲੀ ਦਾ ਕਰੰਟ ਮਾੜੀ ਜਿਹੀ ਅਣਗਹਿਲੀ ਕਾਰਨ ਦੂਜਿਆਂ ਦੇ ਘਰੇ ਵੀ ਜਾ ਸਕਦਾ ਹੈ ਜਿਸ ਨਾਲ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ।

ਇਸੇ ਤਰ੍ਹਾਂ ਜੇਕਰ ਸ਼ਹਿਰ 'ਚ ਗੰਦਗੀ ਦੇ ਢੇਰ ਨੇ, ਸਕੂਲਾਂ ਦੇ ਮੂਹਰੇ ਕੁੜੀਆਂ ਨੂੰ ਤੰਗ ਕਰਨ ਵਾਲੇ ਮਨਚਲੇ ਖੜ੍ਹਦੇ ਨੇ, ਪਲਾਸਟਿਕ ਦੇ ਲਿਫਾਫੇ ਵਰਤੇ ਜਾਂਦੇ ਨੇ, ਪਰਾਲੀ/ਨਾੜ ਸਾੜੀ ਜਾਂਦੀ ਹੋਵੇ, ਮੈਡੀਕਲ ਸਟੋਰਾਂ ਤੇ ਬਿਨਾਂ ਡਾਕਟਰ ਦੀ ਪਰਚੀ ਦਵਾਈ ਮਿਲਦੀ ਹੋਵੇ, ਘਰੇਲੂ ਗੈਸ ਸਿਲੰਡਰਾਂ ਦੀ ਸ਼ਰੇਆਮ ਕਮਰਸ਼ੀਅਲ ਕੰਮਾਂ ਲਈ ਵਰਤੋਂ ਕੀਤੀ ਜਾਂਦੀ ਹੋਵੇ, ਢਾਬਿਆਂ/ਹੋਟਲਾਂ 'ਚ ਛੋਟੇ ਛੋਟੇ ਬਾਲ ਸ਼ਰੇਆਮ ਬਰਤਨ ਚੁੱਕਦੇ/ਸਾਫ ਕਰਦੇ ਹੋਣ, ਰੇਹੜੀਆਂ ਵਾਲੇ ਅਣਢਕੀਆਂ/ਨਾ ਖਾਣਯੋਗ ਵਰਸਤਾਂ ਸ਼ਰੇਆਮ ਵੇਚਦੇ ਹੋਣ, ਬਸ ਸਟੈਂਡਾਂ, ਪਬਲਿਕ ਥਾਵਾਂ 'ਤੇ ਦੇਸੀ ਦਵਾਈਆਂ/ਨਕਲੀ ਦਵਾਈਆਂ ਲੋਕਾਂ ਨੂੰ ਗੁੰਮਰਾਹ ਕਰਕੇ ਵੇਚਦੇ ਹੋਣ ਤਾਂ ਏਥੇ ਕੌਣ, ਕਿਸਦੀ ਕਿਸੇ ਕੋਲ ਸ਼ਿਕਾਇਤ ਕਰੇਗਾ। ਸ਼ਿਕਾਇਤ ਕਰਨ ਦਾ ਕਿਸ ਕੋਲ ਵਿਹਲ ਹੈ? ਸ਼ਿਕਾਇਕ ਕਰਤਾ ਇਹਨਾਂ ਲੋਕਾਂ ਨਾਲ ਵੈਰ ਕਿਉਂ ਲਵੇਗਾ ਜਦੋਂ ਪ੍ਰਸ਼ਾਸ਼ਨ ਨੇ ਤਾਂ ਇਹੋ ਜਿਹੇ ਲੋਕਾਂ ਤੋਂ ਵਗਾਰ ਲੈਣੀ ਹੁੰਦੀ ਹੈ ਉਹ ਤਾਂ ਸਿਰਫ ਖਾਨਾਪੂਰਤੀ ਹੀ ਕਰੇਗਾ ਜਨਤਾ ਇਹਨਾਂ ਗੱਲਾਂ ਨੂੰ ਬਰਦਾਸ਼ਤ ਕਰਨ ਦੀ ਆਦੀ ਹੋ ਗਈ ਹੈ। ਕੀ ਖੁਫੀਆ ਏਜੰਸੀਆਂ ਇਹੋ ਜਿਹੇ ਸਮਾਜ ਵਿਰੋਧੀ ਅਨਸਰਾਂ ਦੀ ਰਿਪੋਰਟ ਸਰਕਾਰ ਨੂੰ ਨਹੀਂ ਦਿੰਦੀ? ਜੇ ਦਿੰਦੀ ਹੈ ਤਾਂ ਆਪਣੇ ਆਪ ਕਾਰਵਾਈ ਕਿਉਂ ਨਹੀਂ ਹੁੰਦੀ?

ਅਸਲ 'ਚ ਉਚ ਅਧਿਕਾਰੀ ਰਾਜਨੀਤਿਕ ਸ਼ਕਤੀ ਅੱਗੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਅਸਮਰੱਥ ਹੋ ਰਹੇ ਜਾਪਦੇ ਹਨ। ਇਸੇ ਕਰਕੇ ਸਮਾਜ ਵਿਰੋਧੀ ਅਨਸਰਾਂ ਦੇ ਹੌਂਸਲੇ ਬੁਲੰਦ ਹੁੰਦੇ ਜਾ ਰਹੇ। ਲੋਕ ਦਿਖਾਵੇ ਦੇ ਤੌਰ 'ਤੇ ਇਹਨਾਂ ਵਿਰੁੱਧ ਸ਼ਿਕਾਇਤ ਆਉਣ 'ਤੇ ਮਾੜੀ ਮੋਟੀ ਕਾਰਵਾਈ ਕਰਕੇ ਛੱਡ ਦਿੱਤਾ ਜਾਂਦਾ ਹੈ। ਰਿਸ਼ਵਤਖੋਰੀ ਨੇ ਪਹਿਲਾਂ ਹੀ ਇਹੋ ਜਿਹੇ ਅਨਸਰਾਂ ਨੂੰ ਸ਼ਹਿ ਦੇ ਰੱਖੀ ਹੈ। ਜੇਕਰ ਕੋਈ ਪੱਤਰਕਾਰ ਉੱਚ ਅਧਿਕਾਰੀਆਂ ਦਾ ਧਿਆਨ ਕਾਨੂੰਨ ਦੀ ਉਲੰਘਣਾਂ ਕਰਨ ਵਾਲਿਆਂ ਵੱਲ ਦਿਵਾਉਂਦਾ ਹੈ ਤਾਂ ਉੱਚ ਅਧਿਕਾਰੀ, ਜੇ ਕੋਈ ਕੰਪਲੇਂਟ ਆਈ ਤਾਂ ਜਰੂਰ ਕਾਰਵਾਈ ਕੀਤੀ ਜਾਵੇਗੀ ਕਹਿ ਕੇ ਖਹਿੜਾ ਛੁਡਵਾ ਲੈਂਦੇ ਹਨ। ਸਾਡੇ ਦੇਸ਼ ਅੰਦਰ ਵੀ ਜੇ ਈਮਾਨਦਾਰੀ ਨਾਲ ਉੱਚ ਅਧਿਕਾਰੀ ਆਪਣੀ ਡਿਊਟੀ ਨਿਭਾਉਣ ਲੱਗ ਜਾਣ ਤਾਂ ਲੋਕਾਂ ਦੀ ਸੋਚ ਸੱਚਮੁੱਚ ਬਦਲ ਜਾਵੇਗੀ।

# Buying or Selling Gas Stations and Hotels

*All over in California*

*Do you want to Buy/Sell your Gas Station and Hotel business property? Call us for a free consultation.*

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.






JOHN SINGH BANGA 916.271.5404 Lic # 01397975

DALVIR 'DIL' NIJJAR 916.628.2210 Lic # 01418648

*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD Marriott

7412 Elsie Avenue, Sacramento CA 95828

*"Honesty and Experience make the Difference"*

*www. buyorsellgasstationsandhotels. com*



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222



Prop: Jasbir Singh Takhar 510-755-2132

1421 Industrial PKWY West#F Hay-ward, CA 94544

Harmandeep Singh



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

# ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



# A & S

## Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਭੁੱਖਿਆਂ ਦਾ ਪੇਟ ਭਰ ਸਕੇਗੀ ਸਰਬ ਵਿਆਪੀ ਮੁੱਢਲੀ ਆਮਦਨ

**ਵਿਸ਼ਵ ਪੱਧਰ ਉੱਤੇ ਸਰਬ ਵਿਆਪੀ ਮੁਢਲੀ ਆਮਦਨ ਬਾਰੇ ਵਿਆਪਕ ਚਰਚਾ ਹੋ ਰਹੀ ਹੈ ਅਤੇ ਇਸ ਮੁੱਢਲੀ ਆਮਦਨ ਨੂੰ ਸਮਾਜਿਕ ਸੁਰੱਖਿਆ ਦੀ ਭਲਾਈ ਹਿੱਤ ਮੰਨਿਆ ਜਾ ਰਿਹਾ ਹੈ। ਇਹ ਸਰਬ ਵਿਆਪੀ ਮੁਢਲੀ ਆਮਦਨ ਬਿਨਾਂ ਕਿਸੇ ਵਿਤਕਰੇ ਦੇ ਸਭਨਾਂ ਸ਼ਹਿਰੀਆਂ ਲਈ ਦਿੱਤੇ ਜਾਣ ਯੋਗ ਰਕਮ ਹੈ, ਜਿਸ ਨਾਲ ਉਹ ਘੱਟੋ-ਘੱਟ ਨਾ ਕਮਾਉਣ ਯੋਗ ਹਾਲਤਾਂ ਵਿਚ ਵੀ ਆਪਣਾ ਪੇਟ ਪਾਲਣ ਦੇ ਯੋਗ ਰਹੇ ਅਤੇ ਉਸਨੂੰ ਭੁਖਿਆ ਨਾ ਮਰਨਾ ਪਵੇ। ਭਾਰਤ ਵਿਚ ਇਸ ਯੋਜਨਾ ਦਾ ਭਰਪੂਰ ਸਵਾਗਤ ਕਰਨਾ ਇਸ ਲਈ ਵੀ ਬਣਦਾ ਹੈ ਕਿ ਵੱਡੀ ਗਿਣਤੀ ਭਾਰਤੀ ਬੇਰੁਜ਼ਗਾਰੀ ਦੀ ਚੱਕੀ 'ਚ ਪਿਸਦੇ ਭੁਖ-ਮਰੀ ਦਾ ਸ਼ਿਕਾਰ ਰਹਿੰਦੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਹੁਣੇ ਜਿਹੇ ਭਾਰਤ ਵਿਚ ਸਰਬ ਵਿਆਪੀ ਮੁੱਢਲੀ ਆਮਦਨ (ਯੂਨੀਵਰਸਲ ਬੇਸਿਕ ਇਨਕਮ ਜਾਂ ਯੂ.ਬੀ.ਆਈ.), ਜਿਸ ਵਿਚ ਹਰੇਕ ਨੂੰ ਨਕਦ ਰਾਸ਼ੀ ਦਿੱਤੀ ਜਾਏਗੀ ਉੱਤੇ ਗੰਭੀਰ ਚਰਚਾ ਹੋਣ ਲੱਗੀ ਹੈ। ਇਹ ਵਿਚਾਰ ਚੰਗਾ ਕਿਉਂ ਲੱਗਦਾ ਹੈ? ਸਰਬ ਵਿਆਪੀ (ਯੂਨੀਵਰਸਲ) ਦਾ ਮਤਲਬ ਹੈ ਕਿ ਅਮੀਰ ਗਰੀਬ ਨੂੰ ਛਾਂਟਣ ਦਾ ਮੁਸ਼ਕਲ ਕੰਮ ਕਰਨ ਦੀ ਜ਼ਰੂਰਤ ਨਹੀਂ ਰਹੇਗੀ ਅਤੇ ਜੇਕਰ ਯੂ.ਬੀ.ਆਈ. ਨਕਦ ਵਿਚ ਦਿੱਤੀ ਜਾਵੇ ਤਾਂ ਪਹਿਲਾਂ ਤੋਂ ਪ੍ਰੇਸ਼ਾਨ ਸਰਕਾਰੀ ਤੰਤਰ ਦੇ ਲਈ ਪ੍ਰਬੰਧਕੀ ਕੰਮ ਵੀ ਕਾਫੀ ਘੱਟ ਜਾਏਗਾ।

ਮੁਢਲੀ ਆਮਦਨ ਜਾਂ ਗੈਰ-ਸ਼ਰਤੀ ਮੁਢਲੀ ਆਮਦਨ ਜਾਂ ਹਰ ਸ਼ਹਿਰੀ ਦੀ ਆਮਦਨ ਜਾਂ ਮੁਢਲੀ ਆਮਦਨ ਗਰੰਟੀ ਜਾਂ ਸਰਬ ਵਿਆਪੀ ਮੁਢਲੀ ਆਮਦਨ, ਹਰ ਇਕ ਨੂੰ ਦੇਣ ਯੋਗ ਹੈ, ਬਿਨਾਂ ਅਮੀਰੀ-ਗਰੀਬੀ ਪਰਖਿਆਂ। ਗਰੀਬੀ ਨਾਲ ਲੜਨ ਲਈ ਇਹ ਇਕ ਵਧੀਆ ਹਥਿਆਰ ਸਾਬਤ ਹੋ ਸਕਦਾ ਹੈ। ਭਾਰਤ ਦੇ ਵਿੱਤ ਵਿਭਾਗ ਵੱਲੋਂ ਭਾਰਤੀ ਅਰਥਚਾਰੇ ਦੇ ਸਲਾਨਾ ਸਰਵੇ ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੂੰ ਭਲਾਈ ਸਕੀਮਾਂ ਦਾ ਰਸਤਾ ਛੱਡ ਕੇ ਸਰਬ ਵਿਆਪੀ ਮੁਢਲੀ ਆਮਦਨ ਜਾਂ ਇਕ ਇਕਸਾਰ ਵਜ਼ੀਫਾ ਹਰ ਬਾਲਗ, ਬੱਚੇ, ਗਰੀਬ ਜਾਂ ਅਮੀਰ ਲਈ ਲਾਗੂ ਕਰਨਾ ਹੋਵੇਗਾ। ਮੁਢਲੀਆਂ ਮਨੁੱਖੀ ਲੋੜਾਂ ਦੀ ਪੂਰਤੀ ਅਤੇ ਸਾਵੇਂ ਸਮਾਜਿਕ ਨਿਆਂ ਲਈ ਇਹ ਅਤਿਅੰਤ ਜ਼ਰੂਰੀ ਹੈ। ਰਿਪੋਰਟ 'ਚ ਦਰਜ ਹੈ ਕਿ ਇਹ ਸਕੀਮ ਪ੍ਰਬੰਧਕੀ ਪੱਧਰ ਉੱਤੇ ਲਾਗੂ ਕਰਨੀ ਅਸਾਨ ਹੋਏਗੀ ਅਤੇ ਗਰੀਬੀ ਦੂਰ ਕਰਨ ਵਿਚ ਵੀ, ਕਿਉਂਕਿ ਹੁਣ ਵਾਲੀਆਂ ਭਲਾਈ ਸਕੀਮਾਂ 'ਚੋਂ ਬਹੁਤੀਆਂ ਵਿਅਰਥ, ਭ੍ਰਿਸ਼ਟਾਚਾਰੀ ਅਤੇ ਸਮਾਜ ਦੇ ਮੱਥੇ ਉੱਤੇ ਕਲੰਕ ਹਨ।

ਯੂ.ਬੀ.ਆਈ. ਪ੍ਰਸਤਾਵਿਤ ਕਰਨ ਵਾਲੇ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਸਰਕਾਰ ਨੂੰ ਸਿੱਖਿਆ-ਸਿਹਤ ਅਤੇ ਸਮਾਜਿਕ ਸੁਰੱਖਿਆ ਦੇ ਬੁਨਿਆਦੀ ਢਾਂਚੇ ਉੱਤੇ ਤਾਂ ਖਰਚ ਕਰਨਾ ਹੀ ਚਾਹੀਦਾ ਹੈ, ਨਾਲ-ਨਾਲ ਮੁੱਢਲੀ ਆਮਦਨ ਵੀ ਨਾਗਰਿਕਾਂ ਨੂੰ ਦਿੱਤੀ ਜਾਵੇ। ਯੂ.ਬੀ.ਆਈ. ਦਾ ਮੂਲ ਸਿਧਾਂਤ ਹੈ ਕਿ ਇਹ ਸਰਬ ਵਿਆਪੀ ਹੋਏ। ਪਰ ਹੁਣ ਤੱਕ ਲਿਖੇ ਗਏ ਜ਼ਿਆਦਾ ਲੇਖਾਂ ਵਿਚ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਦੇ ਫਾਰਮੂਲੇ ਕੱਢੇ ਜਾ ਰਹੇ ਹਨ। ਦੂਸਰਾ ਸਿਧਾਂਤ ਇਹ ਵੀ ਹੈ ਕਿ ਯੂ.ਬੀ.ਆਈ. ਨਾਲ ਸਰਕਾਰ ਦੇ ਬਾਕੀ ਫ਼ਰਜ਼ ਖਤਮ ਨਹੀਂ ਹੋ ਜਾਂਦੇ। ਹੁਣੇ ਜਿਹੇ ਹੀ ਇਕ ਅਰਥ ਸ਼ਾਸ਼ਤਰੀ ਸੁਰਜੀਤ ਭੱਲਾ ਨੇ ਇਕ ਪ੍ਰਸਤਾਵ ਰੱਖਿਆ ਹੈ। ਉਨ੍ਹਾਂ ਸਰਬ ਵਿਆਪੀ ਦੀ ਬਜਾਏ 50ਗ ਅਬਾਦੀ ਨੂੰ ਯੂ.ਬੀ.ਆਈ. ਦੇਣ ਅਤੇ ਮੁੱਢਲੀ ਆਮਦਨ ਨੂੰ ਜਨ ਵੰਡ ਪ੍ਰਣਾਲੀ (ਪੀ.ਡੀ.ਐਸ.) ਅਤੇ ਮਨਰੇਗਾ ਦੀ ਥਾਂ ਲਿਆਉਣ ਦੀ ਗੱਲ ਕੀਤੀ ਹੈ।

ਯੂ.ਬੀ.ਆਈ. ਦੇ ਸਿਧਾਂਤ ਨਾਲ ਕਈ ਲੋਕ ਸਹਿਮਤ ਹਨ, ਪਰ ਕੁਝ ਮੁਸ਼ਕਲ ਸਵਾਲ (ਜਿਵੇਂ ਕਿ ਇਸਦੀ ਲਾਗਤ) ਸਾਹਮਣੇ ਆਉਂਦੇ ਹਨ। ਕਈ ਅਰਥ ਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਯੂ.ਬੀ.ਆਈ. ਤੋਂ ਬਿਹਤਰ ਹੋਏਗਾ ਕਿ ਮਨਰੇਗਾ ਨੂੰ ਠੀਕ ਢੰਗ ਨਾਲ ਲਾਗੂ ਕੀਤਾ ਜਾਵੇ। ਮਨਰੇਗਾ ਪੇਂਡੂਆਂ ਲਈ ਸਰਬ ਵਿਆਪੀ ਕੰਮ ਦੇ ਅਧਿਕਾਰ ਜਿਹਾ ਹੈ। ਜਿਸ ਵਿਚ ਅਮੀਰ-ਗਰੀਬ ਆਪਣੇ ਆਪ ਛਾਂਟੇ ਜਾਂਦੇ ਹਨ। ਜਿਉਂ ਹੀ ਕਿਸੇ ਨੂੰ ਜ਼ਿਆਦਾ ਮਜ਼ਦੂਰੀ ਵਾਲਾ ਕੰਮ ਮਿਲਦਾ ਹੈ, ਉਹ ਇਸ ਯੋਜਨਾ ਤੋਂ ਹੱਟ ਜਾਂਦਾ ਹੈ। ਯੂ.ਬੀ.ਆਈ. ਦੇ ਪ੍ਰਸਤਾਵ ਨੂੰ ਹਮੇਸ਼ਾ ਮਨਰੇਗਾ ਦੇ ਨਾਲ ਜੋੜਿਆ ਜਾਂਦਾ ਹੈ। ਸਭ ਅਰਥ ਸ਼ਾਸ਼ਤਰੀ ਜਾਣਦੇ ਹਨ ਕਿ ਯੂ.ਬੀ.ਆਈ. ਕਿਸੇ ਨਾ ਕਿਸੇ ਮੌਜੂਦਾ ਯੋਜਨਾ ਦੀ ਥਾਂ ਉੱਤੇ ਹੀ ਲਾਗੂ ਹੋ ਸਕਦਾ ਹੈ। ਕੁਝ ਅਰਥ ਸ਼ਾਸ਼ਤਰੀਆਂ ਦਾ ਅੰਦਾਜ਼ਾ ਹੈ ਕਿ ਯੂ.ਬੀ.ਆਈ. ਉੱਤੇ ਜੀ.ਡੀ.ਪੀ. ਦਾ ਦਸ ਪ੍ਰਤੀਸ਼ਤ ਖਰਚ ਹੋਏਗਾ। ਇਹ ਪੈਸਾ ਕਿਥੋਂ ਆਏਗਾ? ਹੁਣ ਤੱਕ ਜੋ ਪ੍ਰਸਤਾਵ ਆਏ ਹਨ, ਉਹ 20 ਸਾਲ ਪੁਰਾਣੇ ਅੰਕੜਿਆਂ ਦਾ ਸਹਾਰਾ ਲੈ ਰਹੇ ਹਨ, ਜਦੋਂ "ਨਾਨ-ਮੈਰਿਟ ਸਬਸਿਡੀ" (ਇਹੋ ਜਿਹੀ ਸਬਸਿਡੀ ਜਿਸ ਤੋਂ ਸਿਰਫ਼ ਵਿਅਕਤੀਗਤ ਲਾਭ ਹੁੰਦਾ ਹੈ ਨਾ ਕਿ ਸਮਾਜਿਕ ਲਾਭ) ਜੀ.ਡੀ.ਪੀ. ਦਾ ਦਸ ਪ੍ਰਤੀਸ਼ਤ ਸੀ। ਇਹ ਸਮਾਂ ਕਦੋਂ ਦਾ ਖਤਮ ਹੋ ਚੁੱਕਾ ਹੈ। ਦੂਜਾ ਸੁਝਾਅ ਹੈ ਕਿ ਟੈਕਸ ਰੈਵੈਨਿਉ ਫਾਰਗਨ (ਉਦਯੋਗ ਟੈਕਸਾਂ ਵਿਚ ਦਿੱਤੀ ਜਾਣ ਵਾਲੀ ਛੂਟ) ਜੋ 2016-17 ਵਿਚ ਛੇ ਲੱਖ ਕਰੋੜ ਰੁਪਏ ਸੀ, ਨੂੰ ਘਟਾਇਆ ਜਾਵੇ। ਉਦਯੋਗ ਇਸ ਛੂਟ ਨੂੰ ਕਿਉਂ ਛੱਡਣਗੇ?

2012 ਅਤੇ 2016 ਵਿਚ ਸਰਕਾਰ ਨੂੰ ਸੋਨੇ ਤੇ ਹਟਾਏ ਲਾਭਾਂ ਦੇ ਪ੍ਰਸਤਾਵ ਨੂੰ ਵਾਪਿਸ ਲੈਣਾ ਪਿਆ ਸੀ, ਜਦੋਂ ਸੋਨਾ ਵਪਾਰੀਆਂ ਨੇ ਲੰਬੀ ਹੜਤਾਲ ਕੀਤੀ। ਅਤੇ ਜੇ ਮੰਨ ਵੀ ਲਿਆ ਜਾਵੇ ਕਿ ਜੀ.ਡੀ.ਪੀ. ਦਾ 5-10 ਫੀਸਦੀ ਇਸ ਕੰਮ ਲਈ ਮਿਲ ਵੀ ਜਾਂਦਾ ਹੈ ਤਾਂ ਇਸ ਨੂੰ ਯੂ.ਬੀ.ਆਈ. ਉੱਤੇ ਕਿਉਂ ਖਰਚਿਆ ਜਾਵੇ? ਸਿਹਤ ਉੱਤੇ ਕਿਉਂ ਨਾ ਖਰਚਿਆ ਜਾਵੇ, ਜਿਸ ਉੱਤੇ ਭਾਰਤ ਵਿਚ ਮੁਕਾਬਲਤਨ ਘੱਟ ਖਰਚ ਕੀਤਾ ਜਾਂਦਾ ਹੈ।

ਇਨ੍ਹਾਂ ਵਿਵਹਾਰਿਕ ਸਮੱਸਿਆਵਾਂ ਦੇ ਕਾਰਨ ਯੂ.ਬੀ.ਆਈ. ਨੂੰ ਲੈ ਕੇ ਕੁਝ ਨਵੇਂ ਸੁਝਾਅ ਆ ਰਹੇ ਹਨ। ਪਹਿਲਾ ਇਹ ਕਿ ਦੋ ਸਰਕਾਰੀ ਯੋਜਨਾਵਾਂ ਨੂੰ ਯੂ.ਬੀ.ਆਈ. ਦੇ ਰੂਪ ਵਿਚ ਵੇਖਿਆ ਜਾਵੇ। ਪਹਿਲੀ ਯੋਜਨਾ 'ਚ ਕੁਲ 2.6 ਕਰੋੜ ਲਾਭਪਾਤਰੀ ਬੁਢਾਪਾ, ਵਿਧਵਾ, ਅੰਗਹੀਣਾਂ ਦੀ ਪੈਨਸ਼ਨ ਲੈ ਰਹੇ ਹਨ, ਇਹ 200 ਰੁਪਏ ਤੋਂ 1400 ਰੁਪਏ ਪ੍ਰਤੀ ਮਹੀਨਾ ਤੱਕ ਹੈ। ਦੂਜੀ ਯੋਜਨਾ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਦੇ ਤਹਿਤ ਔਰਤਾਂ ਨੂੰ ਪ੍ਰਤੀ ਬੱਚਾ 6000 ਰੁਪਏ ਮਾਤਰੀ ਲਾਭ ਦਿੱਤਾ ਜਾ ਰਿਹਾ ਹੈ। ਲਾਭ ਦੇ ਰੂਪ ਵਿਚ 4 ਤੋਂ 6 ਮਹੀਨਾ ਤੱਕ ਪ੍ਰਸੂਤੀ ਛੁੱਟੀ ਮਿਲਦੀ ਹੈ, ਅਸੰਗਿਠਤ ਖੇਤਰ ਵਿਚ ਖੁਰਾਕ ਸੁਰੱਖਿਆ ਤਹਿਤ 6000 ਰੁਪਏ ਨਵਜੰਮੇ ਬੱਚੇ ਦੀ ਸੁਤੰਲਿਤ ਖੁਰਾਕ ਲਈ ਦੇਣ ਦਾ ਪ੍ਰਾਵਧਾਨ ਹੈ, ਜੋ ਹਾਲੀ ਲਾਗੂ ਨਹੀਂ ਹੋਇਆ। ਇਹ ਦੋਵੇਂ ਯੋਜਨਾਵਾਂ ਯੂ.ਬੀ.ਆਈ. ਦਾ ਰੂਪ ਹੀ ਹਨ, ਭਾਵੇਂ ਕਿ ਦੇਸ਼ ਦੀ ਕੁਝ ਅਬਾਦੀ ਹੀ ਇਸ ਦਾ ਲਾਹਾ ਲੈ ਰਹੀ ਹੈ। ਕੁਝ ਅਰਥ ਸ਼ਾਸ਼ਤਰੀਆਂ ਦਾ ਮੱਤ ਹੈ ਕਿ ਯੂ.ਬੀ.ਆਈ. ਦੀ ਬਜਾਏ ਬੁਢਾਪਾ, ਵਿਕਲਾਗ, ਵਿਧਵਾ ਪੈਸ਼ਨ (ਇਹ ਜਨਸੰਖਿਆ ਦਾ 10% ਹਨ) 1000 ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇ ਅਤੇ ਖਾਦ ਸੁਰੱਖਿਆ ਕਾਨੂੰਨ ਦੇ ਤਹਿਤ ਹਰੇਕ ਪ੍ਰਤੀ ਨਵੇਂ ਜੰਮੇ ਬੱਚੇ ਦੀ ਪਾਲਨਾ ਪੋਸ਼ਣਾ ਲਈ 6000 ਰੁਪਏ ਦਿੱਤਾ ਜਾਵੇ। ਇਨ੍ਹਾਂ ਦੋਹਾਂ ਯੋਜਨਾਵਾਂ ਉੱਤੇ ਖਰਚ 16000 ਕਰੋੜ ਰੁਪਏ ਹੋਏਗਾ ਜੋ ਕਿ ਜੀ.ਡੀ.ਪੀ. ਦਾ ਮਸਾਂ 1.5 ਫੀਸਦੀ ਰਹੇਗਾ।

ਵਿਸ਼ਵ ਪੱਧਰ ਉੱਤੇ ਸਰਬ ਵਿਆਪੀ ਮੁਢਲੀ ਆਮਦਨ ਬਾਰੇ ਵਿਆਪਕ ਚਰਚਾ ਹੋ ਰਹੀ ਹੈ ਅਤੇ ਇਸ ਮੁੱਢਲੀ ਆਮਦਨ ਨੂੰ ਸਮਾਜਿਕ ਸੁਰੱਖਿਆ ਦੀ ਭਲਾਈ ਹਿੱਤ ਮੰਨਿਆ ਜਾ ਰਿਹਾ ਹੈ। ਇਹ ਸਰਬ ਵਿਆਪੀ ਮੁਢਲੀ ਆਮਦਨ ਬਿਨਾਂ ਕਿਸੇ ਵਿਤਕਰੇ ਦੇ ਸਭਨਾਂ ਸ਼ਹਿਰੀਆਂ ਲਈ ਦਿੱਤੇ ਜਾਣ ਯੋਗ ਰਕਮ ਹੈ, ਜਿਸ ਨਾਲ ਉਹ ਘੱਟੋ-ਘੱਟ ਨਾ ਕਮਾਉਣ ਯੋਗ ਹਾਲਤਾਂ ਵਿਚ ਵੀ ਆਪਣਾ ਪੇਟ ਪਾਲਣ ਦੇ ਯੋਗ ਰਹੇ ਅਤੇ ਉਸਨੂੰ ਭੁਖਿਆ ਨਾ ਮਰਨਾ ਪਵੇ। ਭਾਰਤ ਵਿਚ ਇਸ ਯੋਜਨਾ ਦਾ ਭਰਪੂਰ ਸਵਾਗਤ ਕਰਨਾ ਇਸ ਲਈ ਵੀ ਬਣਦਾ ਹੈ ਕਿ ਵੱਡੀ ਗਿਣਤੀ ਭਾਰਤੀ ਬੇਰੁਜ਼ਗਾਰੀ ਦੀ ਚੱਕੀ 'ਚ ਪਿਸਦੇ ਭੁਖ-ਮਰੀ ਦਾ ਸ਼ਿਕਾਰ ਰਹਿੰਦੇ ਹਨ। ਖੇਤੀ ਕਰਦੇ ਕਿਸਾਨ ਕੁਝ ਸਮਾਂ ਕੰਮ ਕਰਦੇ ਹਨ, ਬਾਕੀ ਸਮਾਂ ਉਨ੍ਹਾਂ ਨੂੰ ਕੰਮ ਧੰਦਿਆਂ ਤੋਂ ਵਿਹਲ ਰਹਿੰਦੀ ਹੈ ਤੇ ਉਨ੍ਹਾਂ ਦਾ ਗੁਜ਼ਾਰਾ ਮੁਸ਼ਕਲ ਰਹਿੰਦਾ ਹੈ। ਇਹੀ ਹਾਲ ਖੇਤ ਮਜ਼ਦੂਰਾਂ, ਦਿਹਾੜੀਦਾਰ ਮਜ਼ਦੂਰਾਂ ਦਾ ਰਹਿੰਦਾ ਹੈ, ਜਿਹੜੇ ਕੁਝ ਸਮਾਂ ਤਾਂ ਕਮਾਈ ਕਰਦੇ ਹਨ, ਪਰ ਬਹੁਤਾ ਸਮਾਂ ਕੰਮ ਤੋਂ ਬਾਹਰ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ।

ਭਾਰਤ ਵਿਚ ਪ੍ਰਬੰਧਕੀ ਅਤੇ ਸਿਆਸੀ ਤੰਤਰ ਗਰੀਬਾਂ ਪ੍ਰਤੀ ਕਠੋਰ ਹੈ। ਅਜ਼ਾਦੀ ਦੇ 70 ਵਰ੍ਹੇ ਬੀਤਣ ਬਾਅਦ ਵੀ ਭਾਰਤੀ ਗਰੀਬਾਂ ਲਈ ਕੁਲੀ, ਗੁਲੀ, ਜੁਲੀ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਗਰੀਬਾਂ ਦੇ ਨਾਮ ਉੱਤੇ ਨਿੱਤ ਨਵੀਆਂ ਸਕੀਮਾਂ ਸਿਰਫ਼ ਵੋਟਾਂ ਬਟੋਰਨ ਦਾ ਸਾਧਨ ਬਣੀਆਂ ਹਨ ਪਰ ਉਨ੍ਹਾਂ ਦਾ ਨਾ ਜੀਵਨ ਪੱਧਰ ਉੱਚਾ ਚੁੱਕ ਸਕੀਆਂ ਹਨ ਅਤੇ ਨਾ ਹੀ ਉਨ੍ਹਾਂ ਨੂੰ ਰੱਜਵੀਂ ਰੋਟੀ ਦੇ ਸਕੀਆਂ ਹਨ। ਇਹੋ ਜਿਹੀ ਹਾਲਤ ਵਿਚ ਦੇਸ਼ ਵਿਚ ਯੂ.ਬੀ.ਆਈ. (ਸਰਬ ਵਿਆਪੀ ਮੁਢਲੀ ਆਮਦਨ) ਦਾ ਲਾਗੂ ਹੋਣਾ ਅਤਿਅੰਤ ਜ਼ਰੂਰੀ ਹੈ। ਇਹ ਮਨਰੇਗਾ ਜਾਂ ਪੀ.ਡੀ.ਐਸ. ਦਾ ਵਿਕਲਪ ਨਹੀਂ ਹੋਣੀ ਚਾਹੀਦੀ, ਜਿਵੇਂ ਕਿ ਕੁਝ ਅਰਥ ਸ਼ਾਸ਼ਤਰੀ ਪੇਸ਼ ਕਰ ਰਹੇ ਹਨ। ਸਰਕਾਰ ਵਲੋਂ ਮਨਰੇਗਾ ਅਤੇ ਸਸਤੇ ਅਨਾਜ ਦਾ ਸਹਾਰਾ ਗਰੀਬਾਂ ਤੋਂ ਖਿਚਣ ਤੋਂ ਬਿਨਾਂ ਲਾਗੂ ਕੀਤੀ ਸਰਬ ਵਿਆਪੀ ਮੁਢਲੀ ਆਮਦਨ ਸ਼ਾਇਦ ਦੇਸ਼ ਵਿਚ ਭੁੱਖਿਆਂ ਦਾ ਪੇਟ ਭਰਨ ਵਿਚ ਸਹਾਈ ਹੋ ਸਕੇਗੀ।

ਭਾਰਤ ਵਿਚ ਅੰਗਰੇਜ਼ਾਂ ਦੀ ਗੁਲਾਮੀ ਦੇ ਵਕਤ ਫੌਜ ਵਿਚ ਚਮਾਰ ਰਜਿਮੈਂਟ ਵੀ ਹੋਇਆ ਕਰਦੀ ਸੀ। ਇਸ ਰਜਿਮੈਂਟ ਵਿਚ ਸ਼ਾਮਲ ਰਹੇ ਤਿੰਨ ਬਜ਼ੁਰਗ ਅੱਜ ਵੀ ਜਿਉਂਦਾ ਹੈ, ਜਿਹਨਾਂ ਦੀ ਉਮਰ ਹੁਣ ਕਰੀਬ ਸੌ ਸਾਲ ਹੈ। ਇਹ 1943 ਤੋਂ 1946 ਤੱਕ ਫੌਜ ਦੀ ਚਮਾਰ ਰਜਿਮੈਂਟ ਵਿਚ ਰਹੇ।
ਤਸਵੀਰ ਤੇ ਰਿਪੋਰਟ- ਜੀ ਸੀ ਸੱਲਣ



## ਲਾਂਦੜਾ ਵਿਖੇ ਪ੍ਰਕਾਸ਼ ਉਤਸਵ ਤੇ 43 ਦਾਨੀਆਂ ਨੇ ਕੀਤਾ ਸਵੈਇਛੁਕ ਖੂਨਦਾਨ

**ਗੁਰਾਇਆ (ਨਿਰਮਲ ਗੁੜਾ)-** ਜਿਲਾ ਜਲੰਧਰ ਦੇ ਪਿੰਡ ਲਾਂਦੜਾ ਵਿਖੇ ਸਤਿਗੁਰ ਰਵਿਦਾਸ ਮਹਾਂਰਾਜ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਸਤਿਗੁਰ ਰਵਿਦਾਸ ਨੌ-ਜਵਾਨ ਸਭਾ ਵਲੋਂ ਖੂੰਨ ਦਾ ਆਯੋਜਨ ਕੀਤਾ ਗਿਆ। ਕੈਂਪ ਦਾ ਉਦਘਾਟਨ ਡੇਰਾ ਬਾਬਾ ਮੇਲਾ ਰਾਮ ਜੀ ਦੇ ਗੱਦੀ ਨਸ਼ੀਨ 108 ਸੰਤ ਭਗਵਾਨ ਦਾਸ ਜੀ ਮਹਾਂਰਾਜ ਨਗਰ ਵਾਲ਼ਿਆਂ ਨੇ ਆਪਣੇ ਕਰ ਕਮਲਾਂ ਨਾਲ਼ ਰੀਬਨ ਕੱਟ ਕੇ ਕੀਤਾ। ਇਸ ਮੌਕੇ ਸਿਵਲ





ਹਸਪਤਾਲ਼ ਫਿਲੌਰ ਦੀ ਬਲੱਡ ਬੈਂਕ ਵਲੋਂ ਸੀਨੀਅਰ ਮੈਡੀਕਲ ਅਫਸਰ ਡਾ. ਸੰਗੀਤਾ ਦੀ ਅਗਵਾਈ ਵਿੱਚ ਖੂਨਦਾਨੀਆਂ ਪਾਸੋਂ ਖੂਨ ਪ੍ਰਾਪਤ ਕੀਤਾ ਗਿਆ। ਇਸ ਮੌਕੇ 43 ਖੂਨਦਾਨੀਆਂ ਨੇ ਬੜੇ ਚਾਅ ਤੇ ਉਤਸ਼ਾਹ ਨਾਲ਼ ਸਵੈਇਸ਼ਕ ਖੂਨਦਾਨ ਕੀਤਾ। ਪ੍ਰਬੰਧਕਾਂ ਵਲੋਂ ਖੂਨਦਾਨੀਆਂ ਅਤੇ ਸਹਿਯੋਗੀਆਂ ਨੂੰ ਸਨਮਾਨ ਚਿਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਿੰਡ ਦੇ ਸਰਪੰਚ ਚੇਤ ਰਾਮ ਨੇ ਨੌਜਵਾਨ ਸਭਾ ਦੀ ਸ਼ਲਾਘਾ ਕਰਦਿਆਂ ਅੱਗੇ ਤੋਂ ਵੀ ਇਸੇ ਤਰਾਂ ਨੇਕ ਕਾਰਜ ਕਰਨ ਲਈ ਪ੍ਰੇਰਤ ਕੀਤਾ। ਇਸ ਮੌਕੇ ਡਾ. ਕੁਲਦੀਪ, ਇੰਦਰਜੀਤ, ਹਰਜਿੰਦਰ ਕੁਮਾਰ, ਤੀਰਥ ਰਾਮ, ਵਰਿੰਦਰ ਕੁਮਾਰ, ਲਾਲ ਚੰਦ, ਕਿੰਦੂ, ਸਤਨਾਮ, ਜੈ ਰਾਮ, ਜੋਗਿੰਦਰ ਪੰਚ, ਮਲਕੀਤ ਰਾਮ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।

## ਅਲਾਇੰਸ ਕਲੱਬ ਹੁਸ਼ਿਆਰਪੁਰ ਵੱਲੋਂ ਲਗਾਇਆ ਗਿਆ ਮੁਫਤ ਮੈਡੀਕਲ ਕੈਂਪ





**ਹੁਸ਼ਿਆਰਪੁਰ-** ਇੱਥੇ ਅਲਾਇੰਸ ਕਲੱਬ ਹੁਸ਼ਿਆਰਪੁਰ ਵੱਲੋਂ ਕਲੱਬ ਦੇ ਪ੍ਰਧਾਨ ਐਲੀ ਡਾ. ਐਮ. ਜਮੀਲ ਬਾਲੀ ਦੀ ਪ੍ਰਧਾਨਗੀ ਹੇਠ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਪਿੰਡ ਪੰਡੋਰੀ ਰੁਕਮਨ ਵਿਖੇ ਮੁਫਤ ਮੈਡੀਕਲ ਚੈੱਕਅਪ ਕੈਂਪ ਐਲੀ ਕਮਲ ਕੇ ਵਰਮਾ ਵੀ.ਡੀ.ਜੀ.1 ਦੀ ਦੇਖ-ਰੇਖ ਹੇਠ ਲਗਾਇਆ ਗਿਆ। ਜਿਸ ਵਿੱਚ ਐਲੀ ਅਸ਼ੋਕ ਪੁਰੀ ਡਿਸਟਿਕ ਗਵਰਨਰ ਬਤੌਰ ਮੁੱਖ ਮਹਿਮਾਨ ਹਾਜਰ ਹੋਏ। ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪਿੰਡ ਪੰਡੋਰੀ ਰੁਕਮਨ ਦੇ ਸੇਵਾਦਾਰ ਸ਼੍ਰੀ ਬਰਜਿੰਦਰ ਸਿੰਘ ਅਤੇ ਸ਼੍ਰੀ ਸੁਖਵਿੰਦਰ ਸਿੰਘ ਦੇ ਨਾਲ ਐਲੀ ਪੂਨਮ ਵਰਮਾ ਅਤੇ ਐਲੀ ਆਸ਼ਨਾ ਵਰਮਾ ਨੇ ਕੈਂਪ ਦਾ ਆਯੋਜਨ ਸਫਲਤਾ ਪੂਰਵਕ ਕੀਤਾ। ਇਸ ਮੌਕੇ 'ਤੇ ਅਲਾਇੰਸ ਕਲੱਬ ਹੁਸ਼ਿਆਰਪੁਰ ਗ੍ਰੇਟਰ ਦੇ ਪ੍ਰਧਾਨ ਐਲੀ ਪਰਮਿੰਦਰ ਕੁਮਾਰ ਵੀ ਵਿਸ਼ੇਸ਼ ਤੌਰ ਤੇ ਹਾਜਰ ਹੋਏ। ਇਸ ਕੈਂਪ ਵਿੱਚ ਹੱਡੀਆਂ ਦੇ ਹਸਪਤਾਲ ਬਾਲੀ ਹਸਪਤਾਲ ਹੁਸ਼ਿਆਰਪੁਰ ਤੋਂ ਡਾ. ਬਾਲੀ ਤੇ ਉਹਨਾਂ ਦੀ ਟੀਮ ਨੇ ਕੋਈ 250 ਮਰੀਜਾਂ ਦਾ ਮੁਆਇਨਾ ਕੀਤਾ ਅਤੇ ਅਲਾਇੰਸ ਕਲਾਬ ਹੁਸ਼ਿਆਰਪੁਰ ਵੱਲੋਂ ਸਾਰੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਉਪਲੱਬਧ ਕਰਵਾਈਆਂ ਗਈਆਂ। ਇਸ ਮੌਕੇ ਤੇ ਮਾਹਰ ਡਾਕਟਰ ਐਮ. ਜਮੀਲ ਬਾਲੀ ਨੇ ਦੱਸਿਆ ਕੇ ਇਸ ਕੈਂਪ ਵਿਚ ਚੈੱਕ ਕੀਤੇ ਮਰੀਜ਼ ਜਦੋਂ ਇਸ ਪਰਚੀ ਨਾਲ ਬਾਲੀ ਹਸਪਤਾਲ ਹੁਸ਼ਿਆਰਪੁਰ ਪੁੱਜਣਗੇ ਤਾਂ ਵੀ ਉਹਨਾਂ ਦਾ ਇਲਾਜ ਮੁਫਤ ਕੀਤਾ ਜਾਵੇਗਾ। ਇਸ ਉਪਰੰਤ ਜਿਲ੍ਹਾ ਗਵਰਨਰ ਐਲੀ ਅਸ਼ੌਕ ਪੁਰੀ ਨੇ ਐਲੀ ਕਮਲ ਕੇ ਵਰਮਾ ਅਤੇ ਐਲੀ ਐਮ. ਜਮੀਲ ਬਾਲੀ ਨੂੰ ਇਸ ਸਫਲ ਆਯੋਜਨ ਲਈ ਮੁਬਾਰਕਬਾਦ ਦਿੱਤੀ ਅਤੇ ਅਲਾਇੰਸ ਕਲੱਬ ਵੱਲੋਂ ਇਸ ਤਰ੍ਹਾਂ ਦੇ ਹੋਰ ਕੈਂਪ ਲਗਾਉਣ ਲਈ ਉਤਸਾਹਿਤ ਕੀਤਾ।

ਕੈਂਪ ਦੇ ਅਖੀਰ ਵਿੱਚ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਵੈਲਫੇਅਰ ਸੁਸਾਇਟੀ ਪਿੰਡ ਪੰਡੋਰੀ ਰੁਕਮਨ ਦੇ ਪ੍ਰਧਾਨ ਸ਼੍ਰੀ ਬਲਜਿੰਦਰ ਸਿੰਘ ਅਤੇ ਸੈਕਟਰੀ ਸ਼੍ਰੀ ਸੁਖਵਿੰਦਰ ਸਿੰਘ ਨੇ ਡਿਸਟਿਕ ਗਵਰਨਰ, ਉਹਨਾਂ ਦੀ ਟੀਮ ਅਤੇ ਡਾ. ਐਮ.ਜਮੀਲ ਬਾਲੀ ਅਤੇ ਉਹਨਾਂ ਦੀ ਟੀਮ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਸਾਲ



ਸਾਲ ਬੀਤਿਆ
ਸਮਾ ਵੀਟਿਆ
ਸੁਪਨੇ ਅਧੂਰੇ ਨੇ
ਮੈਂ ਆਖਿਆ
ਜ਼ਖਮ ਪੀੜਾ ਨੇ
ਉਸੇ ਤਰ੍ਹਾ
ਕਿਹਾ ਹਰ ਨਿਗਾਹ ਨੇ
ਬੀਜਿਆ ਜੋ ਸਮੇਂ ਨੇ
ਉਹੀ ਵੱਢਣਾ ਆ
ਦੌਲਤਾਂ ਦੇ ਰੌਲੇ ਪੈ ਗਏ
ਰਾਜਾ ਹੁਣ ਭਗਵਾਨ ਆ
ਆਮ ਆਦਮੀ ਦੁਖੀ ਆ
ਹਾਕਮ ਰਾਜ ਨੂੰ ਖਾ ਗਿਆ
ਉਲਝਣ ਦੇ ਵਿਚ ਪਾ ਗਿਆ
ਦੌਲਤਾਂ ਨੇ ਖਿੱਚ ਲਿਆ
ਚਿਹਰਿਆਂ ਦਾ ਜਲੌਅ
ਹਰ ਚਿਹਰਾ ਮਾਯੂਸ ਹੋ ਗਿਆ
ਇਨਸਾਨ ਕਿੱਥੇ ਖਲੋ ਗਿਆ
ਕੁਝ ਤਾਂ ਗਲਤ ਹੋ ਗਿਆ
ਵਿਕਾਸ ਕਿਉਂ ਖਲੋ ਗਿਆ?
ਰਾਜੇ ਦੇ ਮੂੰਹ ਨਕਾਬ ਆ
ਕਿਵੇਂ ਮਨਾਈਏ ਜਸ਼ਨ ਆ
ਦੌਲਤਾਂ ਦਾ ਹੇਰ ਫੇਰ ਆ
ਟੁੱਟ ਗਏ ਅਰਮਾਨ ਆ
ਜਿਹੋ ਜਿਹਾ ਤੂਫਾਨ ਆ
ਅੱਖ ਦਾ ਹੰਝੂ ਡੁੱਲ ਗਿਆ
ਕਤਰਾ ਕਤਰਾ ਸਮਾ ਗਿਆ
ਦਰਦ ਦਾ ਵਗਦਾ ਰਿਹਾ ਦਰਿਆ
ਸਾਲ ਫਿਰ ਵੀ ਚੜ੍ਹ ਆਇਆ ਏ
ਦਰਦ ਪੁਰਾਣਾ ਤਾਜ਼ਾ ਤਾਜ਼ਾ ਆ।

**-ਪ੍ਰਮਿੰਦਰ ਸਿੰਘ 'ਪ੍ਰਵਾਨਾ'**
(510) 871-0487

## ਲਾਜਵਾਬ ਕਮਲ ਬੰਗਾ



ਉਂਝ ਹਰ ਮਕਾਨ ਅੰਦਰ, ਬੈਠਾ ਹੈ ਇਕ ਬੰਗਾ।
ਸਿਰਫ ਇਕ ਕਮਲ ਬੰਗਾ, ਸਾਰੇ ਜਹਾਨ ਅੰਦਰ।

ਕਰਦੇ ਨੇ ਤੁਕਬੰਦੀ ਏਥੇ ਅਨੇਕਾਂ ਹੀ ਸ਼ਾਇਰ,
ਹੈ ਬੇਮਿਸਾਲ ਬੰਗਾ, ਸਾਰੇ ਜਹਾਨ ਅੰਦਰ।

ਅਖ਼ਬਾਰਾਂ ਵਾਲਿਆਂ ਦੀ ਗੱਲ ਉਹ ਹੈ ਕਰਦਾ,
ਕਾਲਮਨਵੀਸਾਂ ਦਾ ਯਾਰ, ਬੰਗਾ ਜਹਾਨ ਅੰਦਰ।

ਯਾਰਾਂ ਦਾ ਯਾਰਾ ਤੇ ਸੁਚੱਜਾ ਸਾਹਿਤਕਾਰ ਵੀ,।।
ਨਾਲੇ ਮਾਣ ਸੈਕਰਾਮੈਂਟੋ ਦਾ, ਬੰਗਾ ਜਹਾਨ ਅੰਦਰ।

ਸੋਹਣੀਆਂ ਕਿਤਾਬਾਂ ਤੇ ਨਾਂ ਸੋਹਣੇ ਜਿਵੇਂ ਕੈਹਕਸ਼ਾਂ
ਹਵਾ ਦੇ ਰੰਗ, ਪੂਰਬ ਤੋਂ ਪੱਛਮ ਤੇ ਜਹਾਨ ਅੰਦਰ।

ਸਾਹਿਤਕਾਰਾਂ ਨੂੰ ਤੇ ਉਨ੍ਹਾਂ ਦੀ ਧੁੰਦਲੀ ਸੋਚ-ਜਾਣਦੈ
ਸੱਚ ਹੀ ਪਸੰਦ ਕਰਦਾ, ਬੰਗਾ ਜਹਾਨ ਅੰਦਰ।

ਜਦੋਂ ਬੋਲਦਾ ਹੈ ਬੰਗਾ, ਤੋਲ ਮਿਣਕੇ ਬੋਲਦਾ ਹੈ,
ਉਂਝ ਵੀ ਤਾਂ ਛਪਦਾ ਕਾਫੀ, ਬੰਗਾ ਜਹਾਨ ਅੰਦਰ।

ਮਿਲਣਸਾਰ-ਹੱਸਮੁਖ ਤੇ ਘੁੰਮਿਆ ਜਹਾਨ ਉਸਨੇ,
ਆਪਣੀ ਮਸਤੀ 'ਚ ਰਹਿੰਦਾ, ਬੰਗਾ ਜਹਾਨ ਅੰਦਰ।

ਮੇਰੇ ਵਰਗੇ ਤਾਂ ਖਾਮੋਸ਼ ਹੀ ਨੇ ਰਹਿੰਦੇ ਪਰ,
ਨਿਧੜਕ ਹੋ ਕੇ ਗੱਲ ਕਰਦਾ, ਬੰਗਾ ਜਹਾਨ ਅੰਦਰ।

**-ਇੰਦਰ ਸਿੰਘ ਖਾਮੋਸ਼**
916-209-8536

## 'ਸਾਦਗੀ'

ਲੋਕ ਦੀਵਾਨੇ ਹੋਏ ਝੂਠੀ ਬਨਾਵਟ ਤੇ ਅਦਾਵਾਂ ਦੇ,
ਅਸੀਂ ਹੁਣ ਸਾਦਗੀ ਅਪਣੀ ਨੂੰ ਲੈ ਕੇ ਕਿੱਥੇ ਜਾਵਾਂਗੇ ।
ਅਸੀਂ ਹੁਣ ਸਾਦਗੀ..... ।

ਪਾਪ ਦੇ ਕਰਮਾਂ ਦਾ ਹਸ਼ਰ ਮਾੜਾ ਹੀ ਹੁੰਦਾ ਹੈ,,
ਫਿਰ ਵੀ ਪਾਪ ਕਰਨੇ ਤੋਂ ਅਸੀਂ ਨਾ ਬਾਜ ਆਵਾਂਗੇ।
ਅਸੀਂ ਹੁਣ ਸਾਦਗੀ.. .... ।

ਝੂਠ ਦੀ ਗੁੱਡੀ ਚੜਾ ਕੇ ਮਿਸਾਲਾਂ ਸੱਚ ਦੀ ਦਿੰਦੇ ਹਾਂ
ਖੌਰੇ ਕਦੋਂ ਸੱਚ ਦੇ ਬੂਹੇ ਅਸੀਂ ਵੀ ਅਪਣੇ ਪੈਰ ਪਾਵਾਂਗੇ ।
ਅਸੀਂ ਹੁਣ ਸਾਦਗੀ....... ।

ਕਿਸੇ ਦਾ ਦਰਦ ਵੇਖ ਕੇ ਹੱਸਦੇ ਹਾਂ, ਮੌਜ ਕਰਦੇ ਹਾਂ,
ਜਦੋਂ ਅਪਣੇ ਤੇ ਬੀਤੀ ਪੀੜ ਹੁੰਦੀ ਕੀ?ਜਾਣ ਜਾਵਾਂਗੇ।
ਅਸੀਂ ਹੁਣ ਸਾਦਗੀ..... ।

ਇਨਸਾਨ ਹਾਂ ਪਰ ਇਨਸਾਨੀਅਤ ਤੋਂ ਦੂਰ ਹਾਂ ਕੋਸਾਂ,
ਆਪਣੀਆਂ ਜੜ੍ਹਾਂ ਆਪੇ ਵੱਢ ਕੇ ਹੁਣ ਦੱਸੋ ਕੀ ਪਾਵਾਂਗੇ।
ਅਸੀਂ ਹੁਣ ਸਾਦਗੀ...... ।

ਇਹ ਦੁਨੀਆਂ ਫਾਨੀ ਹੈ ਦੁੱਖਾਂ ਦੀ ਇੱਕ ਰਵਾਨੀ ਹੈ,
ਕਦਰ ਇਹਦੀ ਨਾ ਪਾਉਂਦੇ ਹਾਂ ਮਗਰ ਇਹਨੂੰ ਹੀ ਚਾਹਵਾਂਗੇ ।
ਅਸੀਂ ਹੁਣ ਸਾਦਗੀ......

**- ਸਰੂਚੀ ਕੰਬੋਜ**
Kamboj.saruchi@gmail.com

## ਵੈਲਨਟਾਈਨ

ਸਾਡੇ ਵੇਲੇ ਤਾਂ ਵੈਲਨਟਾਈਨ ਕਿਸੇ ਮਨਾਇਆ ਨਾ
ਸਾਨੂੰ ਤਾਂ ਕਿਸੇ ਹੱਥ ਵਿੱਚ ਗ਼ੁਲਾਬ ਫੜਾਇਆ ਨਾ

ਖਾਸੇ ਦਿਨ ਚਲਦਾ ਰਹਿੰਦਾ ਇਹ ਡਰਾਮਾ ਸੁਣਿਆ
ਸਾਡੇ ਉੱਤੇ ਤਾਂ ਐਨਾ ਕਿਸੇ ਵਕਤ ਗਵਾਇਆ ਨਾ

ਇਸ਼ਕ ਮੁਹੱਬਤ ਹੋਈ ਅੱਜ ਕਲ੍ਹ ਫੈਸ਼ਨਦਾਰਾਂ ਦੀ
ਭਲੇ ਸਮਿਆਂ ਇੰਝ ਕਿਸੇ ਧੇਲਾ ਤਾਂ ਗਵਾਇਆ ਨਾ

ਹੋ ਜਾਂਦਾ ਹੈ ਹਫਤਾ ਪਹਿਲਾਂ ਹੀ ਐਲਾਨ ਮੇਲੇ ਦਾ
ਇਹ ਸਾਡੇ ਪਿੰਡ ਤਾਂ ਉਦੋਂ ਕਿਸੇ ਵੀ ਲਾਇਆ ਨਾ

ਚੁੱਕੀ ਫਿਰਦੀ ਦੁਨੀਆਂ ਗ਼ੁਲਾਬ ਤੇ ਲੱਲਾ ਭੱਬਾ
ਕਿਸੇ ਨੇ ਸਾਡੇ ਨਾਲ ਕੋਈ ਤੋਹਫ਼ਾ ਵਟਾਇਆ ਨਾ

ਮੈਂ ਤਾਂ ਰੱਬ ਨੂੰ ਦੇਣੇ ਤਾਹਨੇ ਮਿਹਣੇ ਰੱਜ ਰੱਜਕੇ
ਰੱਬਾ ਸਾਡੀ ਵਾਰੀ ਦਿਨ ਇਹ ਕਿਉਂ ਬਣਾਇਆ ਨਾ

**- ਹਰਦੀਪ ਬਿਰਦੀ** 9041600900

## ਕਰੀਏ ਆਪ ਦਾ ਸੁਧਾਰ!



ਪਾਰਾ ਸਿਖਰ 'ਤੇ ਪਹੁੰਚਿਆ ਰਿਹਾ ਭਾਵੇਂ
ਮੋਹ ਪਿਆਰ ਦੇ ਨਾਲ ਉਤਾਰੀਏ ਜੀ।

ਅੱਖਾਂ ਗਹਿਰੀਆਂ ਫੇਰ ਵੀ ਕਰੇ ਜਿਹੜਾ
ਉਸਨੂੰ 'ਆਪਣਾ' ਆਖ ਪੁਚਕਾਰੀਏ ਜੀ।

ਕਿੱਲਾ ਨਫਰਤ ਦਾ ਜਿਨ੍ਹਾਂ ਦੀ ਧੌਣ ਅੰਦਰ
ਉਹਦੇ ਲਈ 'ਇਲਾਜ਼' ਵਿਚਾਰੀਏ ਜੀ।

ਰੌਲਾ ਮੁੱਕਿਆ ਚੋਣ-ਪ੍ਰਚਾਰ ਵਾਲਾ
ਗੁੱਸੇ ਤਲਖੀਆਂ ਸਭ ਨਕਾਰੀਏ ਜੀ।

ਵਸਦਾ ਰਸਤਾ ਰਹੇ ਪੰਜਾਬ ਸਾਡਾ
ਭਾਈਚਾਰੇ ਦੀ ਸਾਂਝ ਸਤਿਕਾਰੀਏ ਜੀ।

ਝਾੜੂ ਫੇਰ ਕੇ ਸਿਆਸਤ ਦੇ ਮੰਚ ਉਤੇ
ਹੁਣ ਆਪਣਾ ਆਪ ਸੁਧਾਰੀਏ ਜੀ!

-ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

# ਕਾਰਟੂਨ ਫਿਲਮਾਂ ਬੱਚਿਆਂ ਨੂੰ ਬਣਾ ਰਹੀਆਂ ਨੇ ਹਿੰਸਕ ਤੇ ਬਦਤਮੀਜ਼



**ਪ੍ਰੋ. ਕਰਮਜੀਤ ਕੌਰ ਕਿਸ਼ਾਂਵਲ**

ਸੰਸਾਰੀਕਰਨ ਦੇ ਯੁਗ ਵਿੱਚ ਸੰਯੁਕਤ ਪਰਿਵਾਰਾਂ ਦੀ ਟੁੱਟ ਭੱਜ ਕਾਰਨ ਮਾਂ-ਬਾਪ ਕੋਲ ਆਪਣੇ ਬੱਚਿਆਂ ਦੀ ਪਰਵਰਿਸ਼ ਤੇ ਬੱਚਿਆਂ ਦੀ ਨੈਤਿਕ ਉਸਾਰੀ ਲਈ ਸਮਾਂ ਨਹੀਂ ਬਚਿਆ, ਜਿਸ ਕਾਰਨ ਟੈਲੀ ਮੀਡੀਆ ਬੱਚਿਆਂ ਦੇ ਮਨੋਰੰਜਨ ਦਾ ਸਾਧਨ ਬਣ ਗਿਆ ਹੈ। ਕਾਰਟੂਨ ਫਿਲਮਾਂ ਬੱਚਿਆਂ ਦੀ ਜ਼ਿੰਦਗੀ ਦਾ ਹਿੱਸਾ ਬਣ ਕੇ ਰਹਿ ਗਈਆਂ ਹਨ। ਛੋਟੇ ਪਰਿਵਾਰਾਂ ਦੇ ਇਸ ਦੌਰ ਵਿੱਚ ਮਾਸੂਮ ਬੱਚੇ ਕਾਰਟੂਨ ਚਰਿੱਤਰਾਂ ਦੇ ਚੱਕਰਵਿਊ ਵਿੱਚ ਫਸ ਕੇ ਰਹਿ ਗਏ ਹਨ। ਸਕੂਲ ਤੋਂ ਇਲਾਵਾ ਮਿਲਣ ਵਾਲੇ ਸਮੇਂ ਤੇ ਛੁੱਟੀਆਂ ਵਿਚ ਜ਼ਿਆਦਾਤਰ ਆਪਣਾ ਸਮਾਂ ਬੱਚੇ ਕਾਰਟੂਨ ਪ੍ਰੋਗਰਾਮ ਦੇਖਣ ਵਿੱਚ ਲਗਾਉਂਦੇ ਹਨ। ਜੀਵਨ ਦੀ ਭੱਜ-ਦੌੜ ਵਿੱਚ ਉਲਝੇ ਮਾਪੇ ਵੀ ਇਹ ਸਮਝਦੇ ਹਨ ਕਿ ਕਾਰਟੂਨ ਫ਼ਿਲਮਾਂ ਬੱਚਿਆਂ ਲਈ ਸਮਾਂ ਬਿਤਾਉਣ ਦਾ ਵਧੀਆ ਜ਼ਰੀਆ ਹਨ। ਪਰ ਇਨ੍ਹਾਂ ਕਾਰਟੂਨ ਫ਼ਿਲਮਾਂ ਵਿਚ ਬੱਚਿਆਂ ਨੂੰ ਕੀ ਪਰੋਸਿਆ ਜਾਂਦਾ ਹੈ, ਇਸ ਬਾਰੇ ਉਨ੍ਹਾਂ ਦੇ ਮਾਂ-ਬਾਪ ਨੂੰ ਵੀ ਗਿਆਨ ਨਹੀਂ ਹੁੰਦਾ। ਅੱਜਕੱਲ੍ਹ ਅ-ਜਹੀਆਂ ਕਈ ਕਾਰਟੂਨ ਫ਼ਿਲਮਾਂ ਹਨ ਜਿਹੜੇ ਬੱਚਿਆਂ ਨੂੰ ਹਿੰਸਾ ਤੇ ਅੰਧ-ਵਿਸ਼ਵਾਸ ਵਲ ਪ੍ਰੇਰਿਤ ਕਰ ਰਹੀਆਂ ਹਨ।

ਇਨ੍ਹਾਂ ਕਾਰਟੂਨ ਫ਼ਿਲਮਾਂ ਤੋਂ ਬੱਚੇ ਸਿੱਖ ਕੇ ਕਿ ਬੇਢੰਗੀ ਭਾਸ਼ਾ ਅਪਨਾ ਕੇ ਬਦਤਮੀਜ਼ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਵੱਡੇ ਛੋਟਿਆਂ ਨਾਲ ਗੱਲ ਕਰਨ ਦੀ ਤਮੀਜ਼ ਨਹੀਂ ਰਹਿੰਦੀ। ਕਾਰਨ ਇਹ ਹੈ ਕਿ ਕਾਰਟੂਨ ਫ਼ਿਲਮਾਂ ਵਿਚ ਮੌਜੂਦ ਪਾਤਰਾਂ ਦੀ ਅਨੈਤਿਕ ਭਾਸ਼ਾ ਬੱਚਿਆਂ ਦੇ ਦਿਲੋ-ਦਿਮਾਗ਼ 'ਤੇ ਗ਼ਲਤ ਪ੍ਰਭਾਵ ਪਾਉਂਦੀ। ਜੇਕਰ ਮਾਂ ਬਾਪ ਵੀ ਉਨ੍ਹਾਂ ਨੂੰ ਚੰਗੀ ਸਿੱਖਿਆ ਦਿੰਦੇ ਹਨ ਤਾਂ ਉਹ ਫਿਰ ਵੀ ਕੁਝ ਨਹੀਂ ਸਿੱਖਦੇ। ਕਾਰਨ ਇਹੀ ਹੈ ਕਿ ਇਹੋ ਜਿਹੀਆਂ ਫ਼ਿਲਮਾਂ ਉਨ੍ਹਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ। ਆਮ ਤੌਰ 'ਤੇ ਦੇਖਣ ਵਿੱਚ ਆਉਂਦਾ ਕਿ ਬੱਚੇ ਕਾਰਟੂਨ ਚਰਿੱਤਰਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਸ਼ੁਰੂ-ਸ਼ੁਰੂ ਵਿੱਚ ਮਾਂ-ਬਾਪ ਵੱਲੋਂ ਇਹੋ ਜਿਹੀ ਭਾਸ਼ਾ ਬੋਲਦੇ ਚੰਗੇ ਲੱਗਦੇ ਹਨ। ਪਰ ਜਦੋਂ ਉਨ੍ਹਾਂ ਦੀ ਇਹ ਆਦਤ ਬਣ ਜਾਂਦੀ ਹੈ ਤਾਂ ਉਹ ਮਾਂ-ਬਾਪ ਦੀ ਪਰੇਸ਼ਾਨੀ ਦਾ ਕਾਰਨ ਬਣਦੀ ਹੈ। ਇਨ੍ਹਾਂ ਕਾਰਟੂਨ ਪ੍ਰੋਗਰਾਮਾਂ ਦੀ ਇਹ ਸ਼ਬਦਵਾਲੀ ਮਾਸੂਮ ਬੱਚਿਆਂ ਨੂੰ ਜ਼ਰੂਰੀ ਅਤੇ ਗ਼ੈਰ-ਜ਼ਰੂਰੀ ਸਭ ਕੁਝ ਸਿਖਾ ਰਹੀ ਹੈ। ਹਿੰਸਾ, ਜਾਦੂ ਅਤੇ ਦਿਖਾਵਟੀਪਣ ਨੂੰ ਪੇਸ਼ ਕਰਨ ਵਾਲੇ ਇਨ੍ਹਾਂ ਕਾਰਟੂਨ ਚਰਿੱਤਰਾਂ ਦਾ ਬੱਚਿਆਂ ਦੇ ਮਨ 'ਤੇ ਡੂੰਘਾ ਅਸਰ ਪੈਂਦਾ ਹੈ। ਕਿੰਨੇ ਹੀ ਬੱਚੇ ਇਨ੍ਹਾਂ ਕਾਰਟੂਨਾਂ ਵਿੱਚ ਦਿਖਾਏ ਜਾਣ ਵਾਲੇ ਕਰਤੱਬ ਦੀ ਰੀਸ ਕਰਦਿਆਂ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ। ਸ਼ਕਤੀਮਾਨ ਸੀਰੀਅਲ ਦੇਖ ਕੇ ਕਈ ਬੱਚੇ ਸ਼ਕਤੀਮਾਨ ਦੀ ਨਕਲ ਕਰਦੇ ਹਾਦਸੇ ਦੇ ਸ਼ਿਕਾਰ ਹੋ ਗਏ ਸਨ।

ਮੌਜੂਦਾ ਦੌਰ ਵਿੱਚ ਮਹਾਨਗਰਾਂ ਵਿੱਚ ਵਸੇ ਛੋਟੇ ਪਰਿਵਾਰਾਂ ਵਿੱਚ ਬੱਚਿਆਂ ਦਾ ਮਨ ਤੇ ਜੀਵਨ ਵਿਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਵਾਪਰ ਰਹੀਆਂ ਹਨ। ਅੱਜ ਭਾਰਤ ਵਿੱਚ 30 ਫ਼ੀਸਦੀ ਸਕੂਲੀ ਬੱਚਿਆਂ ਦੀ ਮਾਨਸਿਕ ਸਿਹਤ ਨੂੰ ਦੇਖਭਾਲ ਦੀ ਜ਼ਰੂਰਤ ਹੈ। ਇਹ ਸਭ ਸੰਯੁਕਤ ਪਰਿਵਾਰਾਂ ਦੀ ਟੁੱਟ ਭੱਜ ਦਾ ਨਤੀਜਾ ਹੈ। ਪਰਿਵਾਰਾਂ ਵਿਚ ਦਾਦੀ-ਦਾਦਾ, ਤਾਇਆ-ਤਾਈ, ਚਾਚਾ-ਚਾਚੀ ਹੁਣ ਇਕੱਠੇ ਨਹੀਂ ਰਹਿੰਦੇ। ਹੁਣ ਦਾਦਾ-ਦਾਦੀ ਬੱਚਿਆਂ ਨੂੰ ਕਹਾਣੀ ਵੀ ਨਹੀਂ ਸੁਣਾਉਂਦੇ ਹੋਏ ਚੰਗੀਆਂ ਸਿੱਖਿਆਵਾਂ ਵੀ ਨਹੀਂ ਦਿੰਦੇ, ਕਿਉਂਕਿ ਉਹ ਹੁਣ ਛੋਟੇ ਪਰਿਵਾਰਾਂ ਵਿਚ ਸ਼ਾਮਲ ਨਹੀਂ ਹਨ। ਸੰਯੁਕਤ ਪਰਿਵਾਰਾਂ ਦੇ ਟੁੱਟਣ ਦਾ ਕਾਰਨ ਜ਼ਿੰਦਗੀ ਦੀ ਭੱਜ ਦੌੜ ਤੇ ਕਮਾਈ ਲਈ ਪੈਸੇ ਦੀ ਦੌੜ ਤੇ ਸਾਡਾ ਸ਼ਹਿਰੀਕਰਨ ਹੈ, ਜਿਸ ਵਿਚ ਮਨੁੱਖ ਇਕੱਲਾ ਰਹਿਣਾ ਪਸੰਦ ਕਰ ਰਿਹਾ ਹੈ। ਇਸ ਲਈ ਬੱਚੇ ਇਕੱਲੇਪਣ ਤੇ ਬੇਗਾਨੇਪਨ ਕਾਰਨ ਕਾਰਟੂਨ ਫ਼ਿਲਮਾਂ ਵਲ ਝੁਕ ਰਹੇ ਹਨ। ਕਾਰਟੂਨ ਫਿਲਮਾਂ ਕਾਰਨ ਬੱਚੇ ਪੁਸਤਕ ਸੱਭਿਆਚਾਰ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਸਕੂਲ ਅਤੇ ਪਾਠ ਦੀ ਪੜ੍ਹਾਈ ਤੋਂ ਇਲਾਵਾ ਜਿੰਨਾ ਵੀ ਸਮਾਂ ਮਿਲਦਾ ਹੈ, ਉਸ ਵਿੱਚ ਬੱਚੇ ਬਾਲ ਪੱਤ੍ਰਿਕਾਵਾਂ ਆਦਿ ਨਾ ਪੜ੍ਹ ਕੇ ਕਾਰਟੂਨ ਦੇਖਣ ਵਿੱਚ ਬਤੀਤ ਕਰਦੇ ਹਨ।

ਸ਼ੈਤਾਨੀ ਸੋਚ ਤੇ ਜਾਦੂਈ ਤਿਲਿਸਮ ਦੀਆਂ ਕਹਾਣੀਆਂ ਕੁਝ ਇਸ ਤਰ੍ਹਾਂ ਨਾਲ ਪਰੋਸੀਆਂ ਜਾ ਰਹੀਆਂ ਹਨ ਕਿ ਬੱਚੇ ਉਸ ਨੂੰ ਹਕੀਕਤ ਸਮਝ ਬੈਠਦੇ ਹਨ। ਅਜਿਹੇ ਕਾਰਟੂਨ ਪ੍ਰੋਗਰਾਮ ਲੱਗਭੱਗ ਨਾ ਦੇ ਬਰਾਬਰ ਹਨ, ਜਿਹੜੇ ਬੱਚਿਆਂ ਨੂੰ ਸਹੀ ਸਿੱਖਿਆ ਅਤੇ ਸੰਸਕਾਰ-ਸਰੋਕਾਰ ਦੀਆਂ ਗੱਲਾਂ ਸਮਝਾਉਣ। ਇੱਕ ਮੈਡੀਕਲ ਖੋਜ ਦਾ ਵੀ ਮੰਨਣਾ ਹੈ ਕਿ ਜਿਹੜੇ ਬੱਚੇ ਰਾਤ ਨੂੰ ਸੌਣ ਤੋਂ ਪਹਿਲਾਂ ਹਿੰਸਕ ਪ੍ਰੋਗਰਾਮ ਦੇਖਦੇ ਹਨ, ਉਨ੍ਹਾਂ ਦੀ ਨੀਂਦ 'ਤੇ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਬੱਚਿਆਂ ਨੂੰ ਬੁਰੇ ਸੁਪਨੇ ਅਤੇ ਡਰ ਕੇ ਉੱਠ ਜਾਣ ਵਰਗੀਆਂ ਸਮੱਸਿਆਵਾਂ ਵੀ ਝੱਲਣੀਆਂ ਪੈਂਦੀਆਂ ਹਨ। ਇੱਕ ਅਧਿਐਨ ਮੁਤਾਬਕ ਢਾਈ ਸਾਲ ਤੱਕ ਦੇ ਬੱਚੇ ਇੱਕ ਹਫ਼ਤੇ ਵਿੱਚ ਤਕਰੀਬਨ 32 ਘੰਟੇ ਕਾਰਟੂਨ ਦੇਖਣ ਵਿੱਚ ਲਗਾਉਂਦੇ ਹਨ। ਕੰਮ-ਕਾਜੀ ਤੇ ਗ਼ੈਰ-ਕੰਮ-ਕਾਜੀ ਦੋਵਾਂ ਹੀ ਮਾਪਿਆਂ ਲਈ ਬੱਚਿਆਂ ਨੂੰ ਕਾਰਟੂਨ ਦੇਖਣ 'ਚ ਉਤਸ਼ਾਹਿਤ ਕਰਨਾ ਸਾਡੇ ਘਰਾਂ 'ਚ ਆਮ ਗੱਲ ਹੈ।

ਅਜੋਕੇ ਸਮੇਂ ਵਿੱਚ ਕਿੱਸਿਆਂ-ਕਹਾਣੀਆਂ ਰਾਹੀਂ ਬੱਚਿਆਂ ਦਾ ਮਨੋਰੰਜਨ ਕਰਨਾ ਬੀਤੇ ਜ਼ਮਾਨੇ ਦੀ ਗੱਲ ਹੋ ਗਈ ਲੱਗਦੀ ਹੈ। ਕਹਾਣੀਆਂ, ਜੋ ਸਹੀ ਅਰਥਾਂ ਵਿੱਚ ਬੱਚਿਆਂ ਦਾ ਭਾਸ਼ਾ ਗਿਆਨ ਤੇ ਸ਼ਬਦਾਵਲੀ ਵਧਾਉਣ ਵਿੱਚ ਸਹਾਇਕ ਹੁੰਦੀਆਂ ਹਨ, ਉਨ੍ਹਾਂ 'ਤੇ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਬਾਲ ਮਨੋਵਿਗਿਆਨਕ ਵੀ ਮੰਨਦੇ ਹਨ ਕਿ ਕਹਾਣੀਆਂ ਬਾਲ ਮਨ ਨੂੰ ਬੌਧਿਕ ਅਤੇ ਭਾਵਨਾਤਮਕ ਦੋਵਾਂ ਹੀ ਪੱਧਰ 'ਤੇ ਸਕਾਰਾਤਮਕ ਢੰਗ ਨਾਲ ਪ੍ਰਭਾਵਿਤ ਕਰਦੀਆਂ ਹਨ। ਪਰ ਕਾਰਟੂਨ ਦੇਖਣ ਵਾਲੇ ਬੱਚੇ ਨੈਤਿਕਤਾ ਤੋਂ ਦੂਰ ਜਾ ਰਹੇ ਹਨ।

ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਕਈ ਪ੍ਰੋਗਰਾਮ ਬੱਚਿਆਂ ਵਿੱਚ ਹਿੰਸਕ ਵਿਉਹਾਰ ਅਤੇ ਅਸ਼ਲੀਲ ਭਾਸ਼ਾ ਨੂੰ ਉਤਸ਼ਾਹਿਤ ਕਰ ਰਹੇ ਹਨ। ਇਨ੍ਹਾਂ ਫਿਲਮਾਂ ਕਾਰਨ ਛੋਟੀ ਉਮਰ ਵਿੱਚ ਹੀ ਬੱਚੇ ਆਲਸੀ ਤੇ ਉਨੀਂਦਰੇ ਜਿਹੀਆਂ ਸਮੱਸਿਆਵਾਂ ਦੇ ਸ਼ਿਕਾਰ ਹੋ ਰਹੇ ਹਨ ਤੇ ਅਣਗਿਣਤ ਸਿਹਤ ਸਮੱਸਿਆਵਾਂ ਵੀ ਉਨ੍ਹਾਂ ਨੂੰ ਘੇਰ ਰਹੀਆਂ ਹਨ। ਘਰ ਦੇ ਬਾਹਰ ਨਿਕਲ ਕੇ ਖੇਡਣ ਅਤੇ ਸਰਗਰਮ ਰਹਿਣ ਦੀ ਸੋਚ ਗੁੰਮ ਹੋ ਰਹੀ ਹੈ। ਇਸ ਦਾ ਸਿਹਤ 'ਤੇ ਵੀ ਮਾੜਾ ਪ੍ਰਭਾਵ ਪੈ ਰਿਹਾ ਹੈ। ਵਿਚਾਰਨ ਕਰਨ ਯੋਗ ਇਹ ਵੀ ਹੈ ਕਿ ਨਾ ਸਿਰਫ਼ ਕਾਰਟੂਨ ਫ਼ਿਲਮਾਂ ਵਿੱਚ ਦਿਖਾਈ ਜਾਣ ਵਾਲੀ ਵਿਸ਼ਾ ਵਸਤੂ ਅਤੇ ਭਾਸ਼ਾ ਸ਼ੈਲੀ ਬਾਲ ਮਨ 'ਤੇ ਡੂੰਘਾ ਅਸਰ ਪਾ ਰਹੀ ਹੈ, ਸਗੋਂ ਕਈ ਹੋਰ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਵੀ ਬੱਚਿਆਂ ਤੋਂ ਉਨ੍ਹਾਂ ਦਾ ਬਚਪਨ ਖੋਹ ਰਹੀਆਂ ਹਨ। ਮੋਟਾਪਾ ਤੇ ਅੱਖਾਂ ਨਾਲ ਜੁੜੀਆਂ ਸਮੱਸਿਆਵਾਂ ਤਾਂ ਖ਼ਾਸ ਕਰਕੇ ਘੰਟਿਆਂਬੱਧੀ ਟੀਵੀ ਨਾਲ ਚਿਪਕ ਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਦੇਖਣ ਕਾਰਨ ਹੀ ਹੋ ਰਹੀਆਂ ਹਨ। ਟੀਵੀ 'ਤੇ ਚੱਲ ਰਹੇ ਡੋਰਮੋਨ ਪ੍ਰੋਗਰਾਮ ਨੂੰ ਦੇਖਣ ਵਾਲੇ ਬੱਚੇ ਅਸਾਮਾਜਿਕ ਤੇ ਆਤਮ-ਕੇਂਦਰਿਤ ਹੋ ਜਾਂਦੇ ਹਨ। ਜ਼ਿਆਦਾਤਰ ਦੇਸ਼ਾਂ ਵਿੱਚ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾ ਰਹੇ ਪ੍ਰੋਗਰਾਮਾਂ ਦਾ ਵਿਸ਼ਾ-ਵਸਤੂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਭਾਸ਼ਾ ਤੇ ਵਿਵਹਾਰ 'ਤੇ ਪੈ ਰਹੇ ਨਾਂਹਪੱਖੀ ਪ੍ਰਭਾਵ ਕਾਰਨ ਅਜਿਹੇ ਪ੍ਰੋਗਰਾਮਾਂ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਸਾਡੇ ਇੱਥੇ ਤਕਰੀਬਨ ਸਾਢੇ ਤਿੰਨ ਕਰੋੜ ਬੱਚਿਆਂ 'ਤੇ ਇਨ੍ਹਾਂ ਕਾਰਟੂਨ ਕਿਰਦਾਰਾਂ ਦਾ ਅਸਰ ਪੈ ਰਿਹਾ ਹੈ। ਇਨ੍ਹਾਂ ਨੂੰ ਦੇਖ ਕੇ ਬੱਚੇ ਚਮਤਕਾਰ 'ਤੇ ਭਰੋਸਾ ਕਰਨਾ, ਪੜ੍ਹਾਈ ਤੋਂ ਦੂਰੀ ਬਣਾਉਣਾ ਤੇ ਮਾਪਿਆਂ ਨਾਲ ਲੜਨਾ-ਝਗੜਨਾ ਸਿਖ ਰਹੇ ਹਨ। ਚੀਨ, ਅਮਰੀਕਾ, ਜਰਮਨੀ, ਬ੍ਰਾਜ਼ੀਲ, ਅਰਜਨਟੀਨਾ, ਇਸਰਾਈਲ ਜਿਹੇ ਤਕਰੀਬਨ ਪੰਜਾਹ ਦੇਸਾਂ ਵਿੱਚ ਕਾਰਟੂਨ ਫ਼ਿਲਮਾਂ 'ਤੇ ਪਾਬੰਦੀ ਲੱਗ ਚੁੱਕੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕਾਰਟੂਨ ਫ਼ਿਲਮਾਂ ਬੱਚਿਆਂ ਦੀ ਸਖਸ਼ੀਅਤ ਨੂੰ ਉਸਾਰਨ ਵਿਚ ਨਾ ਪੱਖੀ ਰੋਲ ਨਿਭਾਅ ਰਹੀਆਂ ਹਨ ਤੇ ਬੱਚੇ ਚੰਗੀਆਂ ਆਦਤਾਂ ਤੇ ਨੈਤਿਕ ਗੁਣ ਗ੍ਰਹਿਣ ਕਰਨ ਦੀ ਥਾਂ ਮਾੜੀਆਂ ਆਦਤਾਂ ਦੇ ਸ਼ਿਕਾਰ ਹੋ ਰਹੇ ਹਨ ਤੇ ਹਿੰਸਕ ਬਣ ਰਹੇ ਹਨ। ਇਥੋਂ ਤੱਕ ਬੱਚਿਆਂ ਨੂੰ ਸਿਹਤ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਮੋਟਾਪਾ ਤੇ ਨੀਂਦ ਨਾ ਆਉਣ ਵਰਗੀਆਂ ਸਮੱਸਿਆਵਾਂ ਉਨ੍ਹਾਂ ਦੀ ਜ਼ਿੰਦਗੀ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ। ਸੋ ਬੱਚਿਆਂ ਦੀ ਸਖਸ਼ੀਅਤ ਉਸਾਰੀ ਲਈ ਦਾਦਾ-ਦਾਦੀ ਦੀ ਹੋਂਦ ਜਿੱਥੇ ਜ਼ਰੂਰੀ ਹੈ, ਉੱਥੇ ਮਾਂ-ਬਾਪ ਨੂੰ ਤੇਜ਼ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਬੱਚਿਆਂ ਵਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਸਖਸ਼ੀਅਤ ਵਧੀਆ ਢੰਗ ਨਾਲ ਉਸਰ ਸਕੇ। ਬੱਚਿਆਂ ਨੂੰ ਟੀਵੀ ਪ੍ਰੋਗਰਾਮ ਉਹੀ ਦੇਖਣ ਦੇਣੇ ਚਾਹੀਦੇ ਹਨ, ਜਿਸ ਤੋਂ ਉਨ੍ਹਾਂ ਨੂੰ ਵਧੀਆ ਜਾਣਕਾਰੀ ਹਾਸਲ ਹੋ ਸਕੇ ਤੇ ਉਹ ਚੰਗੀਆਂ ਆਦਤਾਂ ਗ੍ਰਹਿਣ ਕਰ ਸਕਣ। ਜ਼ਿਆਦਾ ਸਮਾਂ ਟੀਵੀ ਦੇਖਣ ਦੇ ਨਾਲ ਬੱਚਿਆਂ ਦੀ ਸਿਹਤ ਖਰਾਬ ਹੋ ਸਕਦੀ ਹੈ, ਇਸ ਲਈ ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਖੇਡਾਂ ਵਲ ਪ੍ਰੇਰਿਤ ਕਰਨ ਤਾਂ ਜੋ ਉਨ੍ਹਾਂ ਦੀ ਸਿਹਤ ਤੇ ਮਨ ਦਾ ਵਿਕਾਸ ਹੋ ਸਕੇ।



## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ
ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ
ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480, ਓੈਂਓ ਓੜਓੁਭਓ ਛੀਠੈ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ



# ਭੁਪਿੰਦਰ ਸਿੰਘ ਭੰਡਾਲ

**ਭੰਡਾਲ ਕੰਸਟਕਸ਼ਨ, ਯੂਬਾ ਸਿਟੀ**

**ਬੋਰਡ ਆਫ ਟਰੱਸਟੀ**
**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**

**ਅਤੇ ਸਮੂਹ ਪਰਿਵਾਰ**









## ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ
ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ
ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480, ਓੈਂਓ ਓੜਓੁਭਓ ਛੀਠੈ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ



# ਜਸਪਾਲ ਜੱਸਲ

**ਵਾਈਸ ਕੈਸ਼ੀਅਰ**
**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ**

**ਅਤੇ ਸਮੂਹ ਪਰਿਵਾਰ**








ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।



ਕੁਲਦੀਪ ਸਿੰਘ ਸੁੰਮਨ



ਲਖਵੀਰ ਸੂਦ

## ਕੁਲਦੀਪ ਸਿੰਘ ਸੁੰਮਨ
## ਅਤੇ
## ਸਮੂਹ ਸੁੰਮਨ ਪਰਿਵਾਰ

## ਲਖਵੀਰ ਸੂਦ
## (ਉਘੇ ਬਿਜਨਸਮੈਨ)
## ਅਤੇ ਸਮੂਹ ਸੂਦ ਪਰਿਵਾਰ



ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ
ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ
ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 ਓੰਓ ਓੜਓੁਭਓ ਛੀਠੈ ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ

# ਸਤਨਾਮ ਸਿੰਘ



ਜਨਰਲ ਸਕੱਤਰ
ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ

## ਅਤੇ ਸਮੂਹ ਪਰਿਵਾਰ



# TANDOOR
Indian Restaurant

27167 Mission Blvd. Hayward, CA 95544







ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open
seven days
11 AM to 10 PM

Contact Us:

Ph. 510-885-1212
Fax. 510-885-1532



ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ



# ਸੁਰਿੰਦਰ ਕੁਮਾਰ




## ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਵਿਖੇ 19 ਫਰਵਰੀ 2017 ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਸ੍ਰੀ ਗੁਰੂ ਰਵਿਦਾਸ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਪਿਆਰੀ ਸਮੂਹ ਸੰਗਤ ਨੂੰ ਹਾਰਦਿਕ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 19 ਫਰਵਰੀ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, 1480 HAYNE AVE YUBA CITY ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ

# ਤੇਜਿੰਦਰ ਸਿੰਘ ਦੋਸਾਂਝ ਅਤੇ ਸਮੂਹ ਦੋਸਾਂਝ ਪਰਿਵਾਰ






# ਤੇਜਿੰਦਰ ਸਿੰਘ ਦੋਸਾਂਝ

## ਸਾਬਕਾ ਪ੍ਰਧਾਨ

## ਸਿੱਖ ਟੈਂਪਲ ਟਾਇਰਾ ਬਿਊਨਾ, ਯੂਬਾ ਸਿਟੀ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 19 ਫਰਵਰੀ ਨੂੰ







ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ 19 ਫਰਵਰੀ ਦਿਨ ਐਤਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। 18 ਫਰਵਰੀ ਦਿਨ ਸ਼ਨਿਚਰਵਾਰ ਸ਼ਾਮ 5 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੇ ਚੋਲੇ ਪਹਿਨਾਏ ਜਾਣਗੇ। ਨਿਸ਼ਾਨ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸ ਤੋਂ ਉਪਰੰਤ ਸ਼ਨਿਚਰਵਾਰ 5 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਖਾਲਸਾ ਜੀ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

19 ਫਰਵਰੀ ਦਿਨ ਐਤਵਾਰ ਨੂੰ 10 ਵਜੇ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਭਾਈ ਸਤਿਨਾਮ ਸਿੰਘ ਜੀ, ਬੀਬੀ ਕੁਲਵਿੰਦਰ ਕੌਰ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਜਸਵੀਰ ਸਿੰਘ ਜੀ ਖਾਲਸਾ ਇੰਗਲੈਂਡ ਵਾਲੇ, ਜਥੇਦਾਰ ਗੁਰਨਾਮ ਸਿੰਘ ਭੰਡਾਲ ਜੀ ਦਾ ਢਾਡੀ ਜਥਾ, ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

## ਗੁਰਪੁਰਬ ਸਬੰਧਤ ਪ੍ਰੋਗਰਾਮਾਂ ਦਾ ਵੇਰਵਾ

* ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ - 17 ਫਰਵਰੀ (ਦਿਨ ਸ਼ੁੱਕਰਵਾਰ)

** ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ - 18 ਫਰਵਰੀ (ਦਿਨ ਸ਼ਨਿਚਰਵਾਰ ਸ਼ਾਮੀ 5 ਵਜੇ)

*** ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 19 ਫਰਵਰੀ ਦਿਨ ਐਤਵਾਰ (10 ਵਜੇ ਸਵੇਰੇ)

* The Taj ਰੈਸਟੋਰੈਂਟ ਵੱਲੋਂ ਛੋਲੇ-ਭਟੂਰੇ ਦੀ ਸੇਵਾ ਕੀਤੀ ਜਾਵੇਗੀ।
* ਸ੍ਰੀ ਰਾਜ ਕੁਮਾਰ ਜੀ ਵੱਲੋਂ ਚਾਟ, ਗੋਲ ਗੱਪਿਆਂ ਦੀ ਸੇਵਾ ਕੀਤੀ ਜਾਵੇਗੀ।
* ਨੋਟ:- ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।
* ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦਾ ਫੋਨ ਨੰਬਰ- 916-694-3386

## ਗੁਰੂ ਘਰ ਦੇ ਸੇਵਾਦਾਰ

| | | | |
|---|---|---|---|
| ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) | ਸ੍ਰੀ ਸਤਨਾਮ ਸਿੰਘ (ਜਨਰਲ ਸਕੱਤਰ) | ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) | ਸ੍ਰੀ ਪ੍ਰਸ਼ੋਤਮ ਸੂਦ (ਵਾਈਸ ਚੇਅਰਮੈਨ) |
| 530-713-1823 | 530-682-3962 | 530-682-3962 | 530-565-5974 |
| ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) | ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨ. ਸਕੱਤਰ) | ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) | ਭੁਪਿੰਦਰ ਸਿੰਘ ਭੰਡਾਲ |
| 530-218-4468 | 530-933-3938 | 530-790-5985 | (530) 301-2518 |

# Sri Guru Ravidas Temple

**1480 HAYNE AVE YUBA CITY, Phone- 530-674-2564)**